# 65
# ''ਪੌਲੁਸ ਤੂੰ ਕੀਤਾ ਕੀ?''
# (21:17-26)

ਹੁਣ ਅਸੀਂ ਰਸੂਲਾਂ ਦੇ ਕੰਮ ਕਿਤਾਬ ਦੇ ਸਭ ਤੋਂ ਗੁੰਝਲਦਾਰ ਭਾਗਾਂ ਵਿੱਚੋਂ ਇਕ ਭਾਵ ਯਰੂਸ਼ਲਮ ਦੀ ਹੈਕਲ ਵਿਚ ਪਾਪ ਬਲੀ ਲਈ ਪੌਲੁਸ ਦੇ ਹਿੱਸਾ ਲੈਣ ਦੀ ਕਹਾਣੀ ਤੇ ਆਉਂਦੇ ਹਾਂ (21:17-26)। ਪੌਲੁਸ ਨੇ ਪਹਿਲਾਂ ਹੀ ਗਲਾਤੀਆਂ ਦੇ ਨਾਂਅ[1] ਲਿਖਦਿਆਂ ਕਿਹਾ ਸੀ, ''ਸੋ ਸ਼ਰ੍ਹਾ ਮਸੀਹ ਦੇ ਆਉਣ ਤੀਕਰ ਸਾਡੇ ਲਈ ਨਿਗਾਹਬਾਨ ਬਣੀ ਭਈ ਅਸੀਂ ਨਿਹਚਾ ਨਾਲ ਧਰਮੀ ਠਹਿਰਾਏ ਜਾਈਏ। ਪਰ ਹੁਣ ਨਿਹਚਾ ਜੋ ਆਈ ਅਸੀਂ ਅਗਾਹਾਂ ਨੂੰ ਨਿਗਾਹਬਾਨ ਦੇ ਮਤਹਿਤ ਨਹੀਂ ਹਾਂ'' (ਗਲਾਤੀਆਂ 3:24, 25)। ਰੋਮ ਦੇ ਮਸੀਹੀ ਲੋਕਾਂ ਨੂੰ ਉਹਨੇ ਲਿਖਿਆ ਸੀ,[2] ਜਿਸ ਵਿਚ ਜ਼ੋਰ ਦੇ ਕੇ ਕਿਹਾ ਗਿਆ:

> ਸੋ ਮੇਰਿਓ ਭਰਾਵੋ ਤੁਸੀਂ ਵੀ ਮਸੀਹ ਦੀ ਦੇਹੀ ਦੇ ਵਸੀਲੇ ਨਾਲ ਸ਼ਰ੍ਹਾ ਦੇ ਸਬੰਧੋਂ ਮਰ ਗਏ ਭਈ ਤੁਸੀਂ ਦੂਏ ਦੇ ਹੋ ਜਾਓ ਅਰਥਾਤ ਉਹਦੇ ਜਿਹੜਾ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ... (ਰੋਮੀਆਂ 7:4)।

> ਕਿਉਂ ਜੋ ਧਰਮ ਲਈ ਮਸੀਹ ਹਰੇਕ ਨਿਹਚਾ ਕਰਨ ਵਾਲੇ ਦੇ ਲਈ ਸ਼ਰ੍ਹਾ ਦਾ ਅੰਤ ਹੈ (ਰੋਮੀਆਂ 10:4)।

ਜਿਸ ਆਦਮੀ ਨੇ ਇਹ ਲਿਖਿਆ ਹੋਵੇਗਾ ਕਿ ਮਸੀਹੀ ਲੋਕ ਹੁਣ ਸ਼ਰ੍ਹਾ ਦੇ ਅਧੀਨ ਨਹੀਂ ਹਨ, ਕਿ ਮਸੀਹੀ ਲੋਕਾਂ ਨੂੰ ਅਸਲ 'ਚ ''ਸ਼ਰ੍ਹਾ ਵੱਲੋਂ ਮਰੇ ਹੋਏ'' ਕਰ ਦਿੱਤਾ ਗਿਆ ਹੈ, ਕਿ ''ਮਸੀਹ ਸ਼ਰ੍ਹਾ ਦਾ ਅੰਤ ਹੈ,'' ਉਹ ''ਡਾਕੂਆਂ ਦੀ ਖੋਹ'' (ਮੱਤੀ 21:13; KJV) ਵਿਚ ਅਜੇ ਵੀ ਅੱਠ ਪਾਪ ਬਲੀਆਂ ਦੀ ਕੁਰਬਾਨੀ ਵਿਚ ਹਿੱਸਾ ਲੈਣ ਲਈ ਤਿਆਰ ਕਿਵੇਂ ਹੋ ਸਕਦਾ ਹੈ?[3] ਟੀਕਾਕਾਰ ਐਡਮ ਕਲਾਰਕ ਨੇ ਸਾਡੇ ਵਿੱਚੋਂ ਬਹੁਤਿਆਂ ਦੀ ਚਿੰਤਾ ਪ੍ਰਗਟਾਈ:

> ਅਸੀਂ ਇਸ ਵਿਸ਼ੇ ਨੂੰ ਕਿਵੇਂ ਵੀ ਸਮਝੀਏ, ਇਸ ਤੇ ਯਾਕੂਬ, ਬਜ਼ੁਰਗਾਂ ਅਤੇ ਪੌਲੁਸ ਦੇ ਵਿਹਾਰ ਦਾ ਹਿਸਾਬ ਲਾਉਣਾ ਬੜਾ ਹੀ ਔਖਾ ਹੈ। ਲਗਦਾ ਹੈ ਕਿ ਇਸ ਕੰਮ ਵਿਚ ਕੁਝ ਅਜਿਹੀ ਗੱਲ ਹੈ ਜਿਸ ਨੂੰ ਅਸੀਂ ਪੂਰੀ ਤਰ੍ਹਾਂ ਨਹੀਂ ਸਮਝਦੇ।[4]

ਇਹ ਸਾਰਾ ਮਾਮਲਾ ਐਨਾ ਬੇਮੇਲ ਹੈ ਕਿ ਇਕ ਵਿਦਵਾਨ ਆਪਣਾ ਸ਼ੁਭਾ ਲੁਕਾ ਨਹੀਂ ਸਕਿਆ:

> ਇਹ ਵਿਸ਼ਵਾਸ ਕੀਤਾ ਵੀ ਜਾ ਸਕਦਾ ਹੈ ਕਿ ... ਆਪਣੀ ਮੌਤ ਦੇ ਬਿਸਤਰੇ 'ਤੇ

> ਕੈਲਵਿਨ ਨੇ ਵੀ ਖ਼ੁਦਾ ਦੀ ਪਵਿੱਤਰ ਮਾਂ ਲਈ ਸੋਨੇ ਦੇ ਚੋਗੇ ਦੀ ਮੰਨਤ ਮੰਨੀ[5] ਜਿਵੇਂ ਰੋਮੀਆਂ ਅਤੇ ਗਲਾਤੀਆਂ ਦਾ ਲੇਖਕ ਹੈਕਲ ਦੇ ਬਾਹਰੀ ਅਹਾਤੇ ਵਿਚ ਸੱਤ ਦਿਨ ਰਹਿਕੇ ਉਨ੍ਹਾਂ ਸਭ ਚਲਾਕੀਆਂ ਅੱਗੇ ਝੁਕ ਗਿਆ ਸੀ ਜਿਨ੍ਹਾਂ ਨਾਲ ਰੱਬੀਆਂ ਨੇ ਉਸ ਮੰਨਤ ਨੂੰ ਵਧਾਵਾ ਦਿੱਤਾ ਅਤੇ ਅਵਿਸ਼ਵਾਸੀ ਯਾਜਕਾਂ ਅਤੇ ਲੇਵੀਆਂ ਵੱਲੋਂ ਉਸ ਯੁੱਗ ਦੀ ਬੰਦਗੀ ਦੀ ਫ਼ਜ਼ੂਲ ਰਵਾਇਤ ਨੂੰ ਆਪਣੇ ਲਈ ਕੰਮ ਕਰਨ ਦਿੱਤਾ।[6]

ਸਾਡੇ ਵਿੱਚੋਂ ਜੋ ਲੋਕ ਰਸੂਲਾਂ ਦੇ ਕੰਮ ਕਿਤਾਬ ਦੀ ਸੱਚਾਈ ਅਤੇ ਖ਼ੁਦਾ ਦੀ ਪ੍ਰੇਰਣਾ ਨਾਲ ਹੋਣ ਦਾ ਦਾਅਵਾ ਕਰਨ ਵਾਲੇ ਇਸ ਦੀ ਇਤਿਹਾਸਕਤਾ ਤੋਂ ਮੁੱਕਰ ਕੇ ਰਸੂਲਾਂ ਦੇ ਕੰਮ 21:17-26 ਦੀ ਮੁਸ਼ਕਿਲ ਤੋਂ ਬਚ ਨਹੀਂ ਸਕਦੇ। ਇਸ ਗੱਲ ਨੂੰ ਜਾਣਨ ਲਈ ਸਾਨੂੰ ਕੋਸ਼ਿਸ਼ ਕਰਨੀ ਹੀ ਪਵੇਗੀ ਕਿ ਪੌਲੁਸ ਨੇ ਕੀ ਕੀਤਾ ਅਤੇ ਅਜਿਹਾ ਉਹਨੇ ਕਿਉਂ ਕੀਤਾ। ਜੀ. ਕੈਂਪਬੈੱਲ ਮੋਰਗਨ ਵਾਂਗ ਕੁਝ ਲੋਕਾਂ ਨੂੰ ਬਚਾਅ ਲਈ[7] ਪੌਲੁਸ ਦੇ ਕੰਮਾਂ ਵਿਚ ਬਹੁਤ ਘੱਟ ਮੌਕਾ ਮਿਲਿਆ ਹੈ: ''ਮੇਰਾ ਮੰਨਣਾ ਹੈ ਕਿ ਪੌਲੁਸ ਨੇ ਇਸ ਮੌਕੇ ਤੇ ਆਪਣੀ ਸੇਵਕਾਈ ਦੀ ਸਭ ਤੋਂ ਵੱਡੀ ਭੁੱਲ ਕੀਤੀ।'' ਦੂਜੇ ਪਾਸੇ ਕਈਆਂ ਦਾ ਮੰਨਣਾ ਹੈ ਕਿ ਪੌਲੁਸ ਦੇ ਵਿਹਾਰ ਲਈ ਉਹਦੀ ਜਿੰਨੀ ਤਰੀਫ਼ ਹੋ ਸਕੇ ਕਰਨੀ ਚਾਹੀਦੀ ਹੈ, ਜੋ ਪੂਰੀ ਤਰ੍ਹਾਂ ਨਾਲ ਉਸ ਸਿੱਖਿਆ ਦੇ ਹਰ ਨਿਯਮ ਨਾਲ ਮੇਲ ਖਾਂਦੀ ਹੈ ਜੋ ਉਸ ਨੇ ਦਿੱਤੀ।

ਪੌਲੁਸ ਦੇ ਵਿਹਾਰ ਲਈ ਲੂਕਾ ਨੇ ਆਪ ਨਾ ਤਾਂ ਉਹਦੀ ਵਡਿਆਈ ਕੀਤੀ ਅਤੇ ਨਾ ਹੀ ਨਿਖੇਧੀ, ਜਿਸ ਕਰਕੇ ਅਸੀਂ ਪੱਕੇ ਤੌਰ ਤੇ ਨਿਚੋੜ ਨਹੀਂ ਕੱਢ ਸਕਦੇ।[8] ਪਰ ਉਸ ਆਇਤ ਨੂੰ ਸਮਝਣ ਅਤੇ ਆਪਣੀ ਜ਼ਿੰਦਗੀ ਵਿਚ ਲਾਗੂ ਕਰਨ ਲਈ ਨਿਯਮਾਂ ਨੂੰ ਵੇਖਣ ਦੀ ਕੋਸ਼ਿਸ਼ ਦੀ ਅਹਿਮੀਅਤ ਹੋ ਸਕਦੀ ਹੈ। ਇਸ ਪਾਠ ਵਿਚ ਅਸੀਂ ਇਹ ਠਹਿਰਾਉਣ ਦੀ ਕੋਸ਼ਿਸ਼ ਕਰਾਂਗੇ ਕਿ ਪੌਲੁਸ ਨੇ *ਕੀ* ਕੀਤਾ। ਅਗਲੇ ਪਾਠ ਵਿਚ ਅਸੀਂ ਵਿਚਾਰ ਕਰਾਂਗੇ ਕਿ ਉਹਨੇ *ਇਹ* ਕਿਉਂ ਕੀਤਾ।

## ਤਸੱਲੀਬਖਸ਼ ਸਵਾਗਤ (21:17, 18)

ਸਾਡਾ ਪਾਠ ਪੈਂਟੀਕਾਸਟ ਦੇ ਪਰਬ ਤੋਂ ਕੁਝ ਦਿਨ ਪਹਿਲਾਂ ਪੌਲੁਸ ਅਤੇ ਉਹਦੇ ਸਾਥੀਆਂ ਦੇ ਯਰੂਸ਼ਲਮ ਵਿਚ ਆਉਣ ਨਾਲ ਸ਼ੁਰੂ ਹੁੰਦਾ ਹੈ।[9] ਲੂਕਾ ਨੇ ਲਿਖਿਆ ਹੈ, ''ਜਾਂ ਅਸੀਂ ਯਰੂਸ਼ਲਮ ਵਿਚ ਆ ਪਹੁੰਚੇ ਤਾਂ ਭਾਈਆਂ ਨੇ ਖੁਸ਼ੀ ਨਾਲ ਸਾਡੀ ਆਗਤ ਭਾਗਤ ਕੀਤੀ'' (ਆਇਤ 17)। ''ਅਸੀਂ'' ਸ਼ਬਦ ਵਿਚ ਲੂਕਾ, ਤਿਮੋਥਿਉਸ ਅਤੇ ਘੱਟੋ-ਘੱਟ ਛੇ ਗੈਰ ਯਹੂਦੀ ਮਸੀਹੀ ਵੀ ਆਉਂਦੇ ਸਨ (20:4, 5)। ''ਭਾਈਆਂ'' ਸ਼ਬਦ ਵਿਚ ਮੇਜ਼ਬਾਨ ਮਨਾਸੋਨ (21:16) ਅਤੇ ਉਹਦੇ ਘਰ ਵਿਚ ਇਕੱਠੇ ਹੋਏ ਜੀ ਆਇਆਂ ਨੂੰ ਆਖਣ ਕਰਨ ਵਾਲੇ ਲੋਕ ਹੋਣਗੇ।[10] ਗਰਮਜੋਸ਼ੀ ਨਾਲ ਸਵਾਗਤ ਨਾਲ ਪੌਲੁਸ ਨੂੰ ਕੁਝ ਫ਼ਿਕਰਾਂ ਤੋਂ ਰਾਹਤ ਦੁਆਉਣ ਵਿਚ ਮਦਦ ਮਿਲੀ ਹੋਵੇਗੀ (ਵੇਖੋ ਰੋਮੀਆਂ 15:30, 31)।

ਅਗਲੇ ਦਿਨ ਪੌਲੁਸ ਅਤੇ ਉਹਦੇ ਨਾਲ ਆਏ ਲੋਕਾਂ ਨੇ ਯਰੂਸ਼ਲਮ ਦੀ ਕਲੀਸੀਆ ਦੇ ਆਗੂਆਂ ਨੂੰ ਮਿਲਣਾ ਸੀ। ਉਨ੍ਹਾਂ ਦੀ ਇਹ ਮੁਲਾਕਾਤ ਜ਼ਾਹਿਰ ਤੌਰ ਤੇ ਯਿਸੂ ਦੇ ਮਤਰਏ ਭਰਾ ਯਾਕੂਬ ਦੇ ਘਰ ਹੀ ਹੋਈ[11] ਜਿਸ ਨੂੰ ਯਰੂਸ਼ਲਮ ਦੀ ਕਲੀਸੀਆ ਦਾ ਥੰਮ੍ਹ ਮੰਨਿਆ ਜਾਂਦਾ ਸੀ (ਗਲਾਤੀਆਂ 2:9)।[12] ਆਇਤ 18 ਕਹਿੰਦੀ ਹੈ, ''ਦੂਜੇ ਦਿਨ ਪੌਲੁਸ ਸਾਡੇ ਨਾਲ[13] ਯਾਕੂਬ ਦੇ ਘਰ ਗਿਆ ਅਤੇ ਸਾਰੇ ਬਜ਼ੁਰਗ ਉੱਥੇ ਹਾਜ਼ਰ ਸਨ।''

''ਸਾਰੇ ਬਜ਼ੁਰਗ'' ਵਾਕਾਂਸ਼ ਤੇ ਧਿਆਨ ਦਿਓ। ਰਸੂਲਾਂ ਦੇ ਕੰਮ ਦੇ ਅਧਿਐਨ ਵਿਚ ਅਸੀਂ ਰਸੂਲਾਂ ਦੀ ਲੀਡਰਸ਼ਿਪ ਵਿਚ ਆਰਜ਼ੀ ਇੰਤਜ਼ਾਮ ਦੇ ਵਸੀਲੇ ਨਾਲ ਐਲਡਰਾਂ ਦੀ ਅਗਵਾਈ ਦੇ ਪੱਕੇ ਇੰਤਜ਼ਾਮ ਨੂੰ ਵੇਖ ਚੁੱਕੇ ਹਾਂ। ਪਹਿਲਾਂ ਅਸੀਂ ''ਰਸੂਲਾਂ'' ਬਾਰੇ (2:42; 4:35, 37; 5:2; 8:1, 14; 9:27), ਫਿਰ ''ਰਸੂਲਾਂ ਅਤੇ ਐਲਡਰਾਂ'' ਬਾਰੇ (15:2, 4, 6, 22, 23; 16:4) ਅਤੇ ਹੁਣ ਸਿਰਫ਼ ''ਐਲਡਰਾਂ'' ਪੜ੍ਹਿਆ (21:18; 14:23; 20:17 ਵੀ ਵੇਖੋ)। ਮੂਲ ਬਾਰਾਂ ਰਸੂਲਾਂ ਵਿੱਚੋਂ ਕੋਈ ਯਰੂਸ਼ਲਮ ਵਿਚ ਸੀ ਜਾਂ ਨਹੀਂ, ਹੋ ਸਕਦਾ ਹੈ ਸ਼ਾਇਦ ਉਹ ਆਪਣੇ ਕਮਿਸ਼ਨ ਭਾਵ ਪ੍ਰਭੂ ਦੇ ਹੁਕਮ ਨੂੰ ਪੂਰਾ ਕਰਦੇ ਹੋਏ ਹੋਰ ਇਲਾਕਿਆਂ ਵਿਚ ਪ੍ਰਚਾਰ ਕਰ ਰਹੇ ਸਨ (ਮੱਤੀ 28:19; ਰਸੂਲਾਂ ਦੇ ਕੰਮ 1:8)।[14] ਹਰ ਹਾਲ ਵਿਚ ਉੱਥੋਂ ਦੀ ਕਲੀਸੀਆ ਦੀ ਨਿਗਰਾਨੀ ਐਲਡਰਾਂ ਦੇ ਹੱਥ ਵਿਚ ਦੇ ਦਿੱਤੀ ਗਈ ਸੀ।

ਜ਼ਰੂਰੀ ਨਹੀਂ ਕਿ ''ਯਾਕੂਬ ਦੇ ਘਰ ... ਜਿੱਥੇ ਸਾਰੇ ਬਜ਼ੁਰਗ'' ਤੋਂ ਭਾਵ ਇਹ ਹੋਵੇ ਕਿ ਯਾਕੂਬ ਉਨ੍ਹਾਂ ਐਲਡਰਾਂ ਜਾਂ ਬਜ਼ੁਰਗਾਂ ਵਿਚ ਨਹੀਂ ਸੀ। ਯਕੀਨਨ ਹੀ ਇਸ ਤੋਂ ਇਹ ਸਾਬਤ ਨਹੀਂ ਹੁੰਦਾ ਕਿ ''ਐਲਡਰਾਂ'' ਦੇ ਮੁਕਾਬਲੇ ਜੋ ਮਦਦਗਾਰ ਦੇ ਤੌਰ ਤੇ ਕੰਮ ਕਰਦੇ ਸਨ, ਯਾਕੂਬ ਉੱਥੋਂ ਦੀ ਕਲੀਸੀਆ ਦਾ ''ਮੁਖੀ'' ਸੀ ਅਤੇ ਉਹਦਾ ਮੰਡਲੀ ਉੱਤੇ ਇਖ਼ਤਿਆਰ ਸੀ। ਏ. ਸੀ. ਹਾਰਵੇ, *ਦ ਐਕਟਸ ਆਫ਼ ਦ ਅਪੋਸਟਲਜ਼* ਵਿਚ ਤੀਲੇ ਇਕੱਠੇ ਕਰ ਰਿਹਾ ਸੀ ਜਦ ਉਹਨੇ 21:18 ਵਿਚ ਇਹ ਭਰਮਾਉਣ ਵਾਲੀ ਟਿੱਪਣੀ ਦਿੱਤੀ:

> ਯਾਕੂਬ ਦੇ ਯਰੂਸ਼ਲਮ ਦੇ ਬਿਸ਼ਪ ਹੋਣ ਕਰ ਪੌਲੁਸ ਦਾ ਜਾਣਾ ਅਤੇ ਯਰੂਸ਼ਲਮ ਦੇ ਬਜ਼ੁਰਗਾਂ ਵਿਚ ਘਿਰੇ ਹੋਣ ਨਾਲੋਂ ਹੋਰ ਸਾਫ਼ ਨਿਸ਼ਾਨ ਨਹੀਂ ਹੋ ਸਕਦਾ। ਬਿਸ਼ਪ ਵਾਲੀ ਇੰਤਜ਼ਾਮ ਦੀ ਸ਼ੁਰੂਆਤ ਰਸੂਲਾਂ ਤੋਂ ਹੋਣ ਦਾ ਇਹ ਸਭ ਤੋਂ ਪੱਕਾ ਸਬੂਤ ਹੈ।[15]

ਚਰਚ ਆਫ਼ ਇੰਗਲੈਂਡ ਦੇ ਇਸ ਟੀਕਾਕਾਰ ਦੀਆਂ ਗੱਲਾਂ 'ਚੋਂ ਲੀਡਰਸ਼ਿਪ 'ਤੇ ਨਵੇਂ ਨੇਮ ਦੀ ਸਿੱਖਿਆ ਬਾਰੇ ਉਹਦੀ ਅਗਿਆਨਤਾ ਪਤਾ ਲਗਦੀ ਹੈ। ਰਸੂਲਾਂ ਦੇ ਕੰਮ 20:17, 28 ਦਾ ਅਧਿਐਨ ਕਰਦਿਆਂ ਅਸੀਂ ਵੇਖਿਆ ਸੀ ਕਿ ਨਵੇਂ ਨੇਮ ਦੇ ਸਮੇਂ ਵਿਚ ''ਐਲਡਰ'' ਜਾਂ ''ਬਜ਼ੁਰਗ'' ਅਤੇ ''ਬਿਸ਼ਪ'' ਸ਼ਬਦ ਨੂੰ ਇਕ ਦੂਜੇ ਦੇ ਥਾਂ ਤੇ ਅਤੇ ਇੱਕੋ ਹੀ ਅਹੁਦੇ/ਕੰਮ ਲਈ ਵਰਤਿਆ ਜਾਂਦਾ ਸੀ। ਰਸੂਲਾਂ ਦੇ ਕੰਮ 21:18 ਦਾ ਅਰਥ ਹਰਵੇ ਸਾਹਿਬ ਮਨੁੱਖ ਵੱਲੋਂ ਬਣਾਏ ਗਏ ਉਸ ਪੁਰੋਹਿਤਵਾਦ ਵਿਚ ਲੱਭ ਰਹੇ ਸਨ ਸੀ ਜੋ ਉਹਦੇ ਬਹੁਤ ਬਾਅਦ ਵਿਚ ਬਣਿਆ।

ਮੈਂ ਤੁਹਾਨੂੰ ਇਹ ਵੀ ਯਾਦ ਦੁਆ ਦਿਆਂ ਕਿ ਜ਼ਰੂਰੀ ਨਹੀਂ ਕਿ ਲੂਕਾ ਯਾਕੂਬ ਅਤੇ ਦੂਜੇ ਐਲਡਰਾਂ ਵਿਚ ਫ਼ਰਕ ਕਰ ਰਿਹਾ ਸੀ।[16] ਜੇ ਮੈਂ ਲਿਖਾਂ ਕਿ ''ਮੈਂ ਐਲਡਰਾਂ ਵਿੱਚੋਂ ਇਕ ਦੇ ਘਰ ਗਿਆ ਅਤੇ ਸਾਰੇ ਐਲਡਰ ਉੱਥੇ ਹੀ ਸਨ,'' ਤਾਂ ਯਕੀਨਨ ਤੁਸੀਂ ਇਹ ਨਿਚੋੜ ਨਹੀਂ ਕੱਢੋਗੇ ਕਿ ਜਿਸ ਪਹਿਲੇ ਐਲਡਰ ਦਾ ਜ਼ਿਕਰ ਕੀਤਾ ਗਿਆ ਉਹ ਬਾਅਦ ਵਿਚ ਲਿਖੇ ਐਲਡਰਾਂ ਦੇ ਸਮੂਹ ਵਿਚ ਨਹੀਂ ਸੀ। ਸਗੋਂ ਤੁਸੀਂ ਇਹ ਨਿਚੋੜ ਕੱਢੋਗੇ ਕਿ ਐਲਡਰਾਂ ਵਿੱਚੋਂ *ਇਕ* ਦੇ ਘਰ *ਸਾਰੇ* ਐਲਡਰ ਸਨ। ਰਸੂਲਾਂ ਦੇ ਕੰਮ 21:18 ਵਿਚ ਵੀ ਇਹੀ ਗੱਲ ਲਗਦੀ ਹੈ। ਮੈਂ ਮਾਰਕ ਬਲੈਕ ਨਾਲ ਸਹਿਮਤ ਹਾਂ ਜਿਸ ਨੇ ''ਯਾਕੂਬ ਅਤੇ *ਹੋਰ* ਐਲਡਰਾਂ'' ਦੀ ਗੱਲ ਕੀਤੀ।[17]

ਮੈਨੂੰ ਇਕ ਇਤਰਾਜ਼ ਸੁਣਾਈ ਦੇ ਰਿਹਾ ਹੈ, ''ਜੇ ਯਾਕੂਬ ਉਨ੍ਹਾਂ ਐਲਡਰਾਂ ਵਿੱਚੋਂ ਇਕ ਸੀ ਤਾਂ ਸਿਰਫ਼ ਓਸੇ ਦੇ ਹੀ ਨਾਂਅ ਦਾ ਜ਼ਿਕਰ ਕਿਉਂ ਹੋਇਆ?'' ਕਿਉਂਕਿ ਇਹ ਸਭਾ ਉਹਦੇ ਘਰ ਵਿਚ ਹੋਈ ਸੀ ਅਤੇ ਉਸ ਨੂੰ ਸਭ ਲੋਕ ਜਾਣਦੇ ਸਨ ਅਤੇ ਬਹੁਤ ਇੱਜ਼ਤ ਦਿੰਦੇ ਸਨ। ਧਿਆਨ

ਦਿਓ ਕਿ ਦੁਬਾਰਾ ਕਦੇ ਵੀ ਯਾਕੂਬ ਦਾ ਨਾਂਅ ਇਕੱਲ੍ਹੇ ਨਹੀਂ ਦਿੱਤਾ ਗਿਆ। 19 ਤੋਂ 25 ਆਇਤਾਂ ਵਿਚ *ਸਾਰੇ* ਐਲਡਰਾਂ ਲਈ ਹਰ ਵਾਰ ਇਕੱਠੇ ਪੜਨਾਓਂ (''ਉਨ੍ਹਾਂ'') ਐਲਡਰ ਦੇ ਰੂਪ ਵਿਚ ਵਰਤਿਆ ਗਿਆ ਹੈ।

ਲੂਕਾ ਦੇ ਕਹਿਣ ਤੋਂ ਭਾਵ ਸੀ ਕਿ ਪੌਲੁਸ ''*ਸਭ* ਐਲਡਰਾਂ'' ਨੂੰ ਮਿਲਿਆ। ਕਿਉਂਕਿ ਕੁਝ ਮੁਸ਼ਕਿਲਾਂ ਨੂੰ ਹੱਲ ਕੀਤੇ ਬਗੈਰ *ਸਭ* ਐਲਡਰ ਮੌਜੂਦ ਨਹੀਂ ਹੋ ਸਕਦੇ ਸਨ।[18]

ਪੌਲੁਸ ਦੇ ਸਭ ਐਲਡਰਾਂ ਦੇ ਸਾਹਮਣੇ ਆਉਣ ਤੇ ਤਾਂ ਲੂਕਾ ਨੇ ਸਿਰਫ਼ ਐਨਾ ਹੀ ਕਿਹਾ ਕਿ ''ਉਸਨੇ ਉਨ੍ਹਾਂ ਨੂੰ ਸਲਾਮ'' ਕੀਤਾ (ਆਇਤ 19ੳ)। ਲੂਕਾ ਨੇ ਉਹ ਦ੍ਰਿਸ਼ ਬਹੁਤੀ ਦੇਰ ਨਹੀਂ ਵਖਾਇਆ,[19] ਪਰ ਇਹ ਮੌਕਾ ਬਹੁਤ ਅਹਿਮ ਸੀ। ਯਰੂਸ਼ਲਮ ਦੇ ਬਹੁਤ ਸਾਰੇ ਐਲਡਰਾਂ ਲਈ ਤਾਂ ਇਹ ਪਹਿਲਾ ਮੌਕਾ ਹੋਵੇਗਾ ਕਿ ਉਨ੍ਹਾਂ ਨੇ ਆਪਣੇ ਗੈਰ ਯਹੂਦੀ ਭਾਈਆਂ ਵਿੱਚੋਂ ਕਿਸੇ ਨੂੰ ਗਲੇ ਲਾਇਆ ਹੋਵੇ। ਇਹ ਸ਼ਾਇਦ ਉਹ ਮੌਕਾ ਸੀ ਜਦ ਪੌਲੁਸ ਅਤੇ ਉਹਦੇ ਗੈਰ ਯਹੂਦੀ ਸਾਥੀਆਂ ਨੇ ਗੈਰ ਯਹੂਦੀਆਂ ਦੇ ਪਿਆਰ ਦੀ ਕੁਰਬਾਨੀ ਯਹੂਦੀ ਐਲਡਰਾਂ ''ਦੇ ਕਦਮਾਂ ਵਿਚ'' ਰੱਖੀ ਸੀ (ਵੇਖੋ 4:35)। ਪੌਲੁਸ ਨੂੰ ਦਿੱਤੇ ਐਲਡਰਾਂ ਦੇ ਆਮ ਜਵਾਬ ਤੋਂ (21:20) ਅਸੀਂ ਮੰਨ ਲੈਂਦੇ ਹਾਂ ਕਿ ਉਸ ਚੰਦੇ ਨੂੰ ਕਬੂਲ ਕਰ ਹੀ ਲਿਆ ਗਿਆ ਸੀ।[20]

## ਇਕ ਭਾਵੁਕ ਰਿਪੋਰਟ (21:19)

ਫਿਰ ਪੌਲੁਸ ਨੇ ''ਜੋ ਜੋ ਕੰਮ ਪ੍ਰਮੇਸ਼ਵਰ ਨੇ ਪਰਾਈਆਂ ਕੌਮਾਂ ਵਿਚ ਉਹ ਦੀ ਟਹਿਲ ਦੇ ਵਸੀਲੇ ਨਾਲ ਕੀਤੇ ਸਨ ਇਕ ਇਕ ਕਰਕੇ ਸੁਣਾ ਦਿੱਤੇ'' (ਆਇਤ 19ਅ)। ਯੂਨਾਨੀ ਅਤੇ ਪੰਜਾਬੀ ਦੋਹਾਂ ਭਾਸ਼ਾਵਾਂ ਤੋਂ ਸੰਕੇਤ ਮਿਲਦਾ ਹੈ ਕਿ ਪੌਲੁਸ ਨੇ ਗੈਰ ਯਹੂਦੀ ਸੰਸਾਰ ਦੇ ਆਪਣੇ ਜੋਖਮਾਂ ਨੂੰ ਇਕ ਇਕ ਕਰਕੇ ਦੱਸਣ ਵਿਚ ਕਾਫ਼ੀ ਵਕਤ ਲਾਇਆ।[21] ਆਮ ਵਾਂਗ, ਜੋ ਕੁਝ ਵੀ ਕੀਤਾ ਗਿਆ ਸੀ ਉਹਦੇ ਲਈ ਖ਼ੁਦਾ ਨੂੰ ਵਡਿਆਈ ਦਿੱਤੀ ਗਈ। ਪੌਲੁਸ ਨੇ ਅਜਿਹਾ ਖ਼ੁਦਾ ਨੂੰ ਵਡਿਆਈ ਦੇਣ *ਅਤੇ* ਇਹ ਜ਼ੋਰ ਦੇਣ ਲਈ ਕੀਤਾ ਕਿ ਉਹਦੀ ਸੇਵਕਾਈ ਨੂੰ ਖ਼ੁਦਾ ਵੱਲੋਂ ਮੰਜ਼ੂਰੀ ਸੀ। ਇਹ ਪਹਿਲਾ ਮੌਕਾ ਨਹੀਂ ਸੀ ਕਿ ਪੌਲੁਸ ਨੇ ਯਰੂਸ਼ਲਮ ਦੇ ਐਲਡਰਾਂ ਨੂੰ ਰਿਪੋਰਟ ਦਿੱਤੀ ਹੋਵੇ (15:4)। ਪਰ ਇਸ ਵਾਰ ਆਪਣੀ ਸੇਵਕਾਈ ਦੇ ਅਸਰ ਦਾ ਸਬੂਤ ਨਾਲ ਲੈ ਕੇ ਆਇਆ। ਭਾਵ ਉਹ ਉਨ੍ਹਾਂ ਮਜ਼ਬੂਤ ਇਰਾਦੇ ਵਾਲੇ ਜਵਾਨਾਂ, ਗੈਰ ਯਹੂਦੀ ਜਵਾਨ ਭਾਈਆਂ ਵੱਲ ਇਸ਼ਾਰਾ ਕਰ ਸਕਦਾ ਸੀ ਜੋ ਉਹਦੇ ਨਾਲ ਆਏ ਸਨ।

ਚੰਦੇ ਨਾਲ ਪੌਲੁਸ ਦੀ ਰਿਪੋਰਟ ਨੇ ਉਹਦੀ ਤੀਜੀ ਯਾਤਰਾ ਦੇ ਕਾਮਯਾਬੀ ਨਾਲ ਪੂਰਾ ਹੋਣ ਦੀ ਤਸਦੀਕ ਕਰ ਦਿੱਤੀ ਸੀ। ਇਸ ਮੌਕੇ ਤੇ ਪੌਲੁਸ ਦੀ ਤੀਜਾ ਮਸ਼ਹੂਰ ਮਿਸ਼ਨਰੀ ਸਫ਼ਰ ਪੂਰਾ ਹੋ ਗਿਆ। ਪੌਲੁਸ ਦਸ ਤੋਂ ਵੱਧ ਸਾਲ ਰੋਮੀ ਹਕੂਮਤ ਦੇ ਪੂਰਬੀ ਹਿੱਸੇ ਵਿਚ ਹਰ ਥਾਂ ਪ੍ਰਮੁੱਖ ਸ਼ਹਿਰਾਂ ਵਿਚ ਮੰਡਲੀਆਂ ਕਾਇਮ ਕਰਦਾ ਹੋਇਆ ਹਜ਼ਾਰਾਂ ਮੀਲ ਚੱਲਿਆ। ਇਹ ਉਹਦੀ ਸੇਵਕਾਈ ਦੇ ਨਵੇਂ ਦੌਰ ਦੀ ਸ਼ੁਰੂਆਤ ਤੋਂ ਪਹਿਲਾਂ ਖੁਸ਼ੀ ਦਾ ਸਮਾਂ ਸੀ।

## ਦੁਖੀ ਕਰਨ ਵਾਲੀ ਪ੍ਰਤੀਕ੍ਰਿਆ (21:20-22)

ਅਗਲੀ ਰਿਪੋਰਟ ਉੱਤੇ ਐਲਡਰਾਂ ਦੀ ਪ੍ਰਤੀਕ੍ਰਿਆ ਨੇ ਪਹਿਲਾਂ ਪੌਲੁਸ ਦਾ ਮਨ ਖੁਸ਼ ਅਤੇ ਬਾਅਦ ਵਿਚ ਦੁਖੀ ਕਰ ਦਿੱਤਾ ਹੋਵੇਗਾ। ਪਹਿਲਾਂ ਤਾਂ ''ਉਨ੍ਹਾਂ ਸੁਣ ਕੇ ਪ੍ਰਮੇਸ਼ਵਰ ਦੀ ਵਡਿਆਈ ਕੀਤੀ'' (ਆਇਤ 20ੳ)। ਉਨ੍ਹਾਂ ਦੇ ਸ਼ੁਰੂਆਤੀ ਜਵਾਬ ਵਿਚ ਕਈ ਗੱਲਾਂ ਸਾਹਮਣੇ ਆਉਂਦੀਆਂ

ਹਨ: (1) ਉਨ੍ਹਾਂ ਨੇ ਪੌਲੁਸ ਦੇ ਕੰਮ ਵਿਚ ਖ਼ੁਦਾ ਦਾ ਹੱਥ ਵੇਖਿਆ, ਅਤੇ (2) ਉਨ੍ਹਾਂ ਨੇ ਖ਼ੁਦਾ ਨੂੰ ਵਡਿਆਈ ਦਿੱਤੀ, ਪੌਲੁਸ ਨੂੰ ਨਹੀਂ। (3) ਵਾਕ ਤੋਂ ਸੰਕੇਤ ਮਿਲਦਾ ਹੈ ਕਿ ਉਨ੍ਹਾਂ ਦੀ ਇਹ ਵਡਿਆਈ ਕੁਝ ਦੇਰ ਹੀ ਰਹੀ। ਮੈਂ ਕਲਪਨਾ ਕਰਦਾ ਹਾਂ ਕਿ ਪੌਲੁਸ ਅਤੇ ਗ਼ੈਰ ਯਹੂਦੀ ਭਾਈ ਰੋਮਾਂਚਿਤ ਹੋ ਗਏ ਸਨ ਕਿਉਂਕਿ ਮੈਂ ਉਨ੍ਹਾਂ ਦੇ ਚਿਹਰਿਆਂ ਤੇ ਖੁਸ਼ੀ ਵੇਖ ਸਕਦਾ ਹਾਂ।

ਪੌਲੁਸ ਲਈ ਐਲਡਰਾਂ ਦੇ ਪਹਿਲੇ ਸ਼ਬਦ ਹੌਸਲਾ ਵਧਾਉਣ ਵਾਲੇ ਵੀ ਸਨ। ਉਹ ਕਹਿਣ ਲੱਗੇ, ''ਭਾਈ ਜੀ, ਤੂੰ ਵੇਖਦਾ ਹੈਂ।'' ਉਨ੍ਹਾਂ ਵੱਲੋਂ ''ਭਾਈ ਜੀ'' ਕਹਿਣਾ ਇਕ ਚੰਗਾ ਸੰਕੇਤ ਸੀ। ''ਭਾਈ ਜੀ, ਤੂੰ ਵੇਖਦਾ ਹੈਂ ਜੋ ਯਹੂਦੀਆਂ ਵਿਚ ਕਿੰਨੇ ਕੁ ਹਜ਼ਾਰ[22] ਨਿਹਚਾਵਾਨ ਹਨ[23] (ਆਇਤ 20ਅ)। ਉਹ ਪੌਲੁਸ ਨੂੰ ਇਹ ਦੱਸਣਾ ਚਾਹੁੰਦੇ ਸਨ ਕਿ ਖ਼ੁਦਾ ਗ਼ੈਰ ਯਹੂਦੀਆਂ ਵਿਚ ਹੀ ਨਹੀਂ ਸਗੋਂ ਯਹੂਦੀਆਂ ਵਿਚ ਵੀ ਕੰਮ ਕਰ ਰਿਹਾ ਹੈ। ਥੋੜ੍ਹੀ ਦੇਰ ਪਹਿਲਾਂ, ਪੌਲੁਸ ਨੇ ਆਪਣੀ ਕੌਮ ਵਾਲਿਆਂ ਲਈ ਆਪਣੀ ਫ਼ਿਕਰ ਜ਼ਾਹਿਰ ਕਰਕੇ ਲਿਖਿਆ ਸੀ (ਰੋਮੀਆਂ 9:1-3)। ਹਜ਼ਾਰਾਂ ਯਹੂਦੀਆਂ ਦੀ ਗੱਲ ਸੁਣ ਕੇ ਜੋ ਮਸੀਹੀ ਬਣ ਗਏ ਸਨ, ਉਹਦੇ ਪੈਰ ਜ਼ਮੀਨ ਨਾਲ ਨਹੀਂ ਲੱਗ ਰਹੇ ਹੋਣਗੇ।

ਛੇਤੀ ਹੀ ਉਹਨੂੰ ਜ਼ਮੀਨ ਉੱਤੇ ਪਟਕ ਕੇ ਸਿੱਧ ਦਿੱਤਾ ਗਿਆ ਕਿਉਂਕਿ ਐਲਡਰਾਂ ਨੇ ਉਹਦੇ ਵਾਂਗ ਵਿਹਾਰਕ ਨਿਚੋੜ ਨਹੀਂ ਕੱਢਿਆ ਸੀ। ਤੁਹਾਡੇ ਵਿੱਚੋਂ ਬਹੁਤ ਸਾਰੇ ਲੋਕ ਆਪਣੇ ਆਪ ਨੂੰ ਪੌਲੁਸ ਨਾਲ ਮਿਲਾ ਸਕਦੇ ਹਨ। ਸ਼ਾਇਦ ਤੁਸੀਂ ਤਾਂ ਉਹੀ ਵਿਚਾਰ ਪੇਸ਼ ਕੀਤਾ ਜੋ ਤੁਹਾਨੂੰ ਸਹੀ ਲਗਦਾ ਸੀ। ਪਹਿਲਾਂ ਜਦ ਤੁਹਾਡੇ ਆਤਮ ਵਿਸ਼ਵਾਸ ਨੂੰ ਵਿਹਾਰਕ ਢੰਗ ਨਾਲ ਮੰਨ ਲਿਆ ਗਿਆ, ਤਾਂ ਤੁਸੀਂ ਫ਼ਖ਼ਰ ਮਹਿਸੂਸ ਕਰਨ ਲੱਗੇ। ਫਿਰ ਵਿਚ ''ਪਰ'' ਆ ਗਿਆ ਅਤੇ ਤੁਹਾਡੀ ਹਵਾ ਨਿੱਕਲ ਗਈ। ਇਨ੍ਹਾਂ ਐਲਡਰਾਂ ਨੇ ਆਪਣੀ ਪ੍ਰਤੀਕ੍ਰਿਆ ਵਿਚ ''ਪਰ'' ਸ਼ਬਦ ਨਹੀਂ ਵਰਤਿਆ ਪਰ ਉਨ੍ਹਾਂ ਦਾ ਰਵੱਈਆ ਇਹੋ ਜਿਹਾ ਹੀ ਸੀ।[24]

ਐਲਡਰਾਂ ਨੇ ਅੱਗੇ ਕਿਹਾ, ''ਅਤੇ ਸੱਭੇ [ਹਜ਼ਾਰਾਂ ਯਹੂਦੀ ਮਸੀਹੀ] ਸ਼ਰ੍ਹਾ ਦੇ ਗ਼ੈਰਤ ਵਾਲੇ ਹਨ'' (ਆਇਤ 20ੲ)। ਇਨ੍ਹਾਂ ਸ਼ਬਦਾਂ ਨੇ ਪੌਲੁਸ ਨੂੰ ਜ਼ਰੂਰ ਹੀ ਪਰੇਸ਼ਾਨ ਕਰ ਦਿੱਤਾ ਹੋਵੇਗਾ। ਪੌਲੁਸ ਨੂੰ ਇਹ ਪਤਾ ਸੀ ਕਿ ਸ਼ਰ੍ਹਾ ਲਈ ਗ਼ੈਰਤ ਤੋਂ ਕੀ ਭਾਵ ਹੈ। ਉੱਤਮ ਸਿੱਖਿਆ ਪਾਉਣ ਤੋਂ ਪਹਿਲਾਂ ਉਹਨੂੰ ਵੀ ਸ਼ਰ੍ਹਾ ਲਈ ਬੜੀ ਗ਼ੈਰਤ ਸੀ (ਗਲਾਤੀਆਂ 1:14; ਫ਼ਿਲਿੱਪੀਆਂ 3:5-9)। ''ਬਦਲੇ ਹੋਏ'' ਫ਼ਰੀਸੀ ਜਿਨ੍ਹਾਂ ਨੇ ਪਹਿਲਾਂ ਰੁਕਾਵਟ ਪਾਈ ਸੀ, ਸ਼ਰ੍ਹਾ ਲਈ ਬੜੀ ਗ਼ੈਰਤ ਰੱਖਦੇ ਸਨ (ਰਸੂਲਾਂ ਦੇ ਕੰਮ 15:5)। ਸ਼ਾਇਦ ਪੌਲੁਸ ਹੈਰਾਨ ਸੀ ਕਿ ''ਇਹਦਾ ਗ਼ੈਰ ਯਹੂਦੀਆਂ ਵਿਚ ਮੇਰੀ ਸੇਵਕਾਈ ਅਤੇ ਯਰੂਸ਼ਲਮ ਵਿਚ ਮੇਰੇ ਹੋਣ ਦੇ ਮਕਸਦ ਨਾਲ ਕੀ ਸਬੰਧ ਹੈ?''

ਐਲਡਰਾਂ ਨੇ ਪੌਲੁਸ ਬਾਰੇ ਫੈਲੀਆਂ ਅਫ਼ਵਾਹਾਂ ਦੀ ਗੱਲ ਕੀਤੀ। ਅਫ਼ਵਾਹਾਂ ਗੁੰਮਰਾਹ ਕਰਨ ਵਾਲੀਆਂ ਹੁੰਦੀਆਂ ਹਨ। ਸ਼ੇਕਸਪੀਅਰ ਨੇ ਉਨ੍ਹਾਂ ਨੂੰ ''ਨਫ਼ਰਤ ਯੋਗ ਕਾਨਾਫੂਸੀ'' ਕਿਹਾ ਹੈ।[25] ਘੋੜਿਆਂ ਦੇ ਇਕ ਮਾਲਕ ਨੇ ਇਕ ਤੇਜ਼ ਘੋੜੇ ਦਾ ਨਾਂਅ ''ਅਫ਼ਵਾਹ'' ਰੱਖ ਦਿੱਤਾ। ਜਦ ਉਸ ਤੋਂ ਪੁੱਛਿਆ ਗਿਆ ਕਿ ਉਹਨੇ ਆਪਣੇ ਘੋੜੇ ਦਾ ਨਾਂਅ ਇਹ ਕਿਉਂ ਰੱਖਿਆ, ਤਾਂ ਉਹਨੇ ਖਿਝ ਕੇ ਜਵਾਬ ਦਿੱਤਾ, ''ਕਿਉਂਕਿ ਅਫ਼ਵਾਹਾਂ ਬਹੁਤ ਤੇਜ਼ ਦੌੜੀਆਂ।'' ਪੌਲੁਸ ਬਾਰੇ ਫੈਲੀ ਅਫ਼ਵਾਹ ਇਹ ਸੀ ਕਿ ''ਅਤੇ ਉਨ੍ਹਾਂ [ਵਿਸ਼ਵਾਸ ਕਰਨ ਵਾਲੇ ਯਹੂਦੀਆਂ ਨੇ] ਤੇਰੀ ਇਹ ਖਬਰ ਸੁਣੀ ਹੈ[26] ਜੋ ਤੂੰ ਸਾਰੇ ਯਹੂਦੀਆਂ ਨੂੰ ਜਿਹੜੇ ਪਰਾਈਆਂ ਕੌਮਾਂ ਵਿਚ ਵੱਸਦੇ ਹਨ ਇਹ ਸਿਖਾਲਦਾ ਹੈਂ ਭਈ ਮੂਸਾ ਨੂੰ ਤਿਆਗੋ ਅਤੇ ਆਖਦਾ ਹੈਂ ਜੋ ਆਪਣੇ ਬਾਲਕਾਂ ਦੀ ਸੁੰਨਤ ਨਾ ਕਰਵਾਓ ਅਤੇ ਰੀਤਾਂ ਉੱਤੇ ਨਾ ਚੱਲੋ'' (ਆਇਤ 21)।

ਬਹੁਤੀਆਂ ਅਫ਼ਵਾਹਾਂ ਵਾਂਗ, ਇਸ ਵਿਚ ਵੀ ਕੁਝ ਸੱਚਾਈ ਸੀ ਪਰ ਉਹਦਾ ਸਾਰ ਗਲਤ ਸੀ। ਪੌਲੁਸ ਨੇ ਜ਼ੋਰ ਦਿੱਤਾ ਸੀ ਕਿ ਯਹੂਦੀ ਹੋਵੇ ਜਾਂ ਗ਼ੈਰ ਯਹੂਦੀ, ਕੋਈ ਵੀ ਮੂਸਾ ਦੀ ਸ਼ਰ੍ਹਾ ਨਾਲ ਧਰਮੀ ਨਹੀਂ ਠਹਿਰਾਇਆ ਜਾ ਸਕਦਾ (ਰੋਮੀਆਂ 3:20; ਗਲਾਤੀਆਂ 2:16; 3:11; 5:4) ਅਤੇ ਸੁੰਨਤ ਦਾ ਨਜਾਤ ਨਾਲ ਕੋਈ ਸਬੰਧ ਨਹੀਂ (ਰੋਮੀਆਂ 2:25-29; ਗਲਾਤੀਆਂ 5:6); ਪਰ ਉਹਨੇ ਯਹੂਦੀਆਂ ਨੂੰ ਆਪਣਾ ਯਹੂਦੀਵਾਦ ਛੱਡਣ ਲਈ ਮਨਾਉਣ ਦੀ ਕੋਈ ਮੁਹਿੰਮ *ਨਹੀਂ* ਚਲਾਈ ਸੀ।[27]

ਯਹੂਦੀ ਮਸੀਹੀਆਂ ਵੱਲੋਂ ਆਪਣੀ ਕੌਮੀ ਵਿਰਾਸਤ ਦੇ ਰੂਪ ਵਿਚ ਯਹੂਦੀ ''ਰਵਾਇਤਾਂ'' ਦਾ ਪਾਲਣ ਕਰਨ ਵਿਚ ਉਹਨੂੰ ਕੋਈ ਇਤਰਾਜ਼ ਨਹੀਂ ਸੀ, ਜੇ ਉਹ ਸੱਚਾਈ ਨਾਲ ਟਕਰਾਉਂਦੀਆਂ ਨਾ ਹੋਣ (ਵੇਖੋ ਮੱਤੀ 15:3) ਅਤੇ ਜੇ ਗੈਰ ਯਹੂਦੀਆਂ ਨੂੰ ਉਨ੍ਹਾਂ ਰਵਾਇਤਾਂ ਨੂੰ ਮੰਨਣ ਲਈ ਮਜਬੂਰ ਨਾ ਕੀਤਾ ਜਾਵੇ।[28] ਸੁੰਨਤ ਬਾਰੇ ਉਹਨੇ ਤਿਮੋਥਿਉਸ ਦੀ ਸੁੰਨਤ ਕਰਾਉਣ ਤੇ ਜ਼ੋਰ ਇਸ ਕਰਕੇ ਦਿੱਤਾ ਸੀ ਕਿ ਉਹ ਜਿਨ੍ਹਾਂ ਯਹੂਦੀਆਂ ਤਕ ਪਹੁੰਚਣਾ ਚਾਹੁੰਦਾ ਸੀ ਉਨ੍ਹਾਂ ਨੂੰ ਠੋਕਰ ਨਾ ਲੱਗੇ (ਰਸੂਲਾਂ ਦੇ ਕੰਮ 16:3[29])। ਵਿਸ਼ਵਾਸ ਨਾ ਕਰਨ ਵਾਲੇ ਯਹੂਦੀਆਂ ਬਾਰੇ ਉਹਦੀ ਸਪਸ਼ਟ ਨੀਤੀ ਸੀ ਕਿ ''ਯਹੂਦੀਆਂ ਲਈ ਮੈਂ ਯਹੂਦੀ ਜਿਹਾ ਬਣਿਆ ਭਈ ਯਹੂਦੀਆਂ ਨੂੰ ਖਿੱਚ ਲਿਆਵਾਂ ਅਤੇ ਭਾਵੇਂ ਆਪ ਸ਼ਰ੍ਹਾ ਅਧੀਨ ਨਹੀਂ ਹਾਂ ਤਾਂ ਵੀ ਸ਼ਰ੍ਹਾ ਅਧੀਨਾਂ ਲਈ ਮੈਂ ਸ਼ਰ੍ਹਾ ਅਧੀਨ ਜਿਹਾ ਬਣਿਆ ਭਈ ਮੈਂ ਸ਼ਰ੍ਹਾ ਅਧੀਨਾਂ ਨੂੰ ਖਿੱਚ ਲਿਆਵਾਂ'' (1 ਕੁਰਿੰਥੀਆਂ 9:20)।

ਅਫ਼ਵਾਹ ਸੱਚੀ ਨਹੀਂ ਸੀ ਅਤੇ ਐਲਡਰਾਂ ਨੂੰ *ਪਤਾ* ਸੀ ਕਿ ਇਹ ਝੂਠੀ ਹੈ।[30] ਫਿਰ ਵੀ ਐਲਡਰਾਂ ਨੇ ਜੋ ਕੁਝ ਵੇਖਿਆ ਉਸ ਵਿਚ ਆਪਣੀ ਹੀ ਦੁਬਧਾ ਬਿਆਨ ਕੀਤੀ: ''ਸੋ ਹੁਣ ਕੀ ਗੱਲ ਹੋਵੇ? ਉਹ ਜ਼ਰੂਰ ਸੁਣ ਲੈਣਗੇ ਜੋ ਤੂੰ ਆਇਆ ਹੈਂ'' (ਆਇਤ 22)।[31] ਇੱਥੇ ''ਉਹ'' ਯਰੂਸ਼ਲਮ ਦੇ ਵਿਸ਼ਵਾਸੀ ਯਹੂਦੀਆਂ ਨੂੰ ਕਿਹਾ ਗਿਆ ਹੈ (ਆਇਤ 20)। ਪੈਂਟੀਕਾਸਟ ਵਾਲਾ ਦਿਨ ਜੋ ਹਫ਼ਤੇ ਦਾ ਪਹਿਲਾ ਦਿਨ ਹੁੰਦਾ ਸੀ, ਨੇੜੇ ਸੀ ਅਤੇ ਸ਼ਾਇਦ ਕੁਝ ਘੰਟਿਆਂ ਬਾਅਦ ਆਉਣ ਵਾਲਾ ਸੀ। ਹਫ਼ਤੇ ਦੇ ਪਹਿਲੇ ਦਿਨ ਆਉਣ ਤੇ ਇਲਾਕੇ ਦੇ ਸਭ ਮਸੀਹੀ ਰੋਟੀ ਤੋੜਨ ਲਈ ਇਕੱਠੇ ਹੁੰਦੇ ਹੋਣਗੇ (20:7[32])। ਐਲਡਰ ਇਹ ਪੁੱਛ ਰਹੇ ਸਨ ਕਿ ''ਇਨ੍ਹਾਂ ਹਜ਼ਾਰਾਂ ਲੋਕਾਂ ਦੇ ਆਉਣ ਤੇ, ਜੋ ਪਹਿਲਾਂ ਹੀ ਉਨ੍ਹਾਂ ਗੱਲਾਂ ਨਾਲ ਪਰੇਸ਼ਾਨ ਹੋ ਗਏ ਸਨ ਜੋ ਉਨ੍ਹਾਂ ਨੇ ਸੁਣੀਆਂ ਸਨ, ਪੌਲੁਸ ਅਤੇ ਉਹਦੇ ਗੈਰ ਯਹੂਦੀ ਸਾਥੀਆਂ ਨੂੰ ਉੱਥੇ ਵੇਖ ਲੈਣਗੇ ਤਾਂ ਅਸੀਂ ਗੁੱਸਾ ਭੜਕਣ ਅਤੇ ਹਿੰਸਾ ਵਧਣ ਤੇ ਕਿਵੇਂ ਰੋਕ ਲਾ ਸਕਦੇ ਹਾਂ?''

ਐਲਡਰਾਂ ਲਈ *ਖ਼ੁਦਾ* ਤੋਂ ਇਹ ਪੁੱਛਣ ਦਾ ਕਿ ''ਫਿਰ ਕੀ ਕੀਤਾ ਜਾਵੇ?''ਇਹ ਸਭ ਤੋਂ ਵਧੀਆ ਸਮਾਂ ਹੋਣਾ ਸੀ ਪਰ ਕੋਈ ਸੰਕੇਤ ਨਹੀਂ ਹੈ ਕਿ ਉਨ੍ਹਾਂ ਨੇ ਖ਼ੁਦਾ ਤੋਂ ਪੁੱਛਿਆ। ਉਹ ਪੌਲੁਸ ਤੋਂ ਪੁੱਛ ਸਕਦੇ ਸਨ ਕਿ ਉਨ੍ਹਾਂ ਨੂੰ ਉਹ ਆਪਣਾ ਖ਼ਿਆਲ ਦੱਸੇ ਕਿ *ਕੀ* ਕਰਨਾ ਚਾਹੀਦਾ ਹੈ, ਪਰ ਉਨ੍ਹਾਂ ਨੇ ਨਹੀਂ ਪੁੱਛਿਆ।[33]

ਜੇ ਉਹ ਮੈਥੋਂ ਪੁੱਛਦੇ ਕਿ ''ਤਾਂ ਫਿਰ ਕੀ ਕੀਤਾ ਜਾਵੇ?'' ਤਾਂ ਮੈਂ ਉਨ੍ਹਾਂ ਨੂੰ ਇਹ ਦੱਸਣ ਦੀ ਕੋਸ਼ਿਸ਼ ਕਰਦਾ ਕਿ ਖ਼ੁਦਾ ਦੇ ਠਹਿਰਾਏ ਹੋਏ ਆਗੂਆਂ ਵਾਂਗ ਕੰਮ ਕਰਨ ਲੱਗੋ ਅਤੇ ਆਪਣਾ ਫ਼ਰਜ਼ ਨਿਭਾਓ! ਜੌਨ ਵੈਸਲੀ ਨੇ ਅਜਿਹਾ ਹੀ ਵਿਚਾਰ ਦਿੱਤਾ ਸੀ ਜਦ ਉਹਨੇ ਕਿਹਾ, ''ਯਾਕੂਬ ਨੂੰ ਚਾਹੀਦਾ ਸੀ ਕਿ ਯਹੂਦੀ ਮਸੀਹੀਆਂ ਨੂੰ ਦੱਸ ਦੇਵੇ ਕਿ 'ਮੈਂ ਸ਼ਰ੍ਹਾ ਦਾ ਪਾਲਣ ਨਹੀਂ ਕਰਦਾ; ਨਾ ਹੀ ਪਤਰਸ; ਅਤੇ ਨਾ ਹੀ ਤੁਹਾਡੇ ਵਿੱਚੋਂ ਕਿਸੇ ਹੋਰ ਨੂੰ ਕਰਨ ਦੀ ਲੋੜ ਹੈ।' ''[34] ਲਾਇਡ ਓਗਿਲਵੀ ਨੇ ਐਲਡਰਾਂ ਵਿਚ ਲੀਡਰਸ਼ਿਪ ਦੀ ਘਾਟ ਉੱਤੇ ਹੈਰਾਨੀ ਪਰਗਟ ਕੀਤੀ ਜਦ ਉਸ

ਨੇ ਕਿਹਾ, ''ਭਲਾ ਕਿਸੇ ਨੇ ਨਹੀਂ ਕਿਹਾ, 'ਐਨਾ ਹੀ ਕਾਫ਼ੀ ਹੈ! ਸਾਨੂੰ ਆਪਣੇ ਭਾਈ ਪੌਲੁਸ ਤੇ ਪੂਰਾ ਯਕੀਨ ਹੈ ਅਤੇ ਸਾਨੂੰ ਪਤਾ ਹੈ ਕਿ ਇਹ ਅਫ਼ਵਾਹਾਂ ਝੂਠੀਆਂ ਹਨ। ਉਹਦੀ ਸੇਵਕਾਈ ਦੀ ਹੁਣ ਕੋਈ ਅਲੋਚਨਾ ਨਹੀਂ ਕਰੇਗਾ। ਸਾਨੂੰ ਭਰੋਸਾ ਹੈ ਕਿ ਇਸ ਰਸੂਲ ਨੂੰ ਉਨ੍ਹਾਂ ਗੱਲਾਂ ਨੇ ਈਮਾਨਦਾਰੀ ਨਾਲ ਪੂਰਾ ਕੀਤਾ ਹੈ ਜਿਨ੍ਹਾਂ ਤੇ ਅਸੀਂ ਇਕ ਮਤ ਹਾਂ'?''[35]

## ਹੈਰਾਨ ਕਰਨ ਵਾਲੀ ਸਿਫ਼ਾਰਿਸ਼ (21: 23-25)

ਐਲਡਰਾਂ ਨੇ ਆਪਣਾ ਸਵਾਲ ਸਿਰਫ਼ ਜਾਣਕਾਰੀ ਲਈ ਹੀ ਨਹੀਂ ਸਗੋਂ ਪਹਿਲਾਂ ਤੋਂ ਠਹਿਰਾਏ ਹੋਏ ਪ੍ਰੋਗਰਾਮ ਦਾ ਮੰਚ ਤਿਆਰ ਕਰਨ ਲਈ ਕੀਤਾ ਸੀ। ਸਪਸ਼ਟ ਹੈ ਕਿ ਉਨ੍ਹਾਂ ਨੇ ਸਮੇਂ ਤੋਂ ਪਹਿਲਾਂ ਇਸ ਗੱਲ ਦੀ ਚਰਚਾ ਕੀਤੀ ਸੀ ਅਤੇ ਆਪਣੀ ਯੋਜਨਾ ਬਣਾ ਕੇ ਯਾਕੂਬ ਦੇ ਘਰ ਆਏ ਸਨ। ਉਨ੍ਹਾਂ ਦੇ ''ਹੱਲ'' ਦਾ ਉਨ੍ਹਾਂ ਨਾਲ ਕੁਝ ਵੀ ਸਬੰਧ ਨਹੀਂ ਸੀ ਸਗੋਂ *ਪੌਲੁਸ* ਨਾਲ ਸੀ ਕਿ ਉਹੀ ਇਸ ਮਾਮਲੇ ਨੂੰ ਸੰਭਾਲੇ। ਉਨ੍ਹਾਂ ਨੇ ਉਸ ਨੂੰ ਦੱਸਿਆ, ''ਇਸ ਲਈ ਤੂੰ ਐਉਂ ਕਰ ਜਿਸ ਤਰ੍ਹਾਂ ਅਸੀਂ ਤੈਨੂੰ ਦੱਸਦੇ ਹਾਂ'' (ਆਇਤ 23ੳ)। ਉਨ੍ਹਾਂ ਵੱਲੋਂ ਇਹ ਸੁਝਾਅ ਨਹੀਂ ਸਗੋਂ ਹੁਕਮ ਸੀ।[36]

ਉਨ੍ਹਾਂ ਦਾ ਇਹ ਹੁਕਮਨਾਮਾ ''ਸਿਫ਼ਾਰਿਸ਼'' ਸੀ ਕਿ ''ਸਾਡੇ ਕੋਲ ਚਾਰ ਪੁਰਖ ਹਨ ਜਿਨ੍ਹਾਂ ਮੰਨਤ ਮੰਨੀ ਹੈ। ਤੂੰ ਉਨ੍ਹਾਂ ਨੂੰ ਲੈ ਕੇ ਆਪਣੇ ਤਾਈਂ ਉਨ੍ਹਾਂ ਦੇ ਨਾਲ ਸ਼ੁੱਧ ਕਰ ਅਤੇ ਉਨ੍ਹਾਂ ਦੇ ਲਈ ਕੁਝ ਖਰਚ ਕਰ ਜੋ ਉਹ ਆਪਣੇ ਸਿਰ ਮੁਨਾਉਣ'' (ਆਇਤਾਂ 23ਅ, 24ੳ)। ਅੰਦਾਜ਼ੇ ਨਾਲ ਜਿਨ੍ਹਾਂ ਚਾਰ ਆਦਮੀਆਂ ਦਾ ਜ਼ਿਕਰ ਇੱਥੇ ਹੋਇਆ ਹੈ ਉਹ ਯਰੂਸ਼ਲਮ ਦੀ ਕਲੀਸੀਆ ਦੇ ਲੋਕ ਸਨ।[37] ਜਿਸ ਮੰਨਤ ਦੀ ਗੱਲ ਕੀਤੀ ਗਈ ਹੈ ਉਸ ਨੂੰ ਆਮ ਤੌਰ ਤੇ ਨਜ਼ੀਰੀ ਮੰਨਤ ਕਿਹਾ ਜਾਂਦਾ ਹੈ ਭਾਵ ਇਨ੍ਹਾਂ ਬੰਦਿਆਂ ਨੇ ਸਿਰ ਮੁਨਵਾਉਣੇ ਸਨ।[38]

ਨਜ਼ੀਰੀ ਮੰਨਤ ਨਿਆਰਾ ਜਾਂ ਅੱਡ ਹੋਣ ਅਤੇ ਸਮਰਪਣ ਦੀ ਸੀ। ਇਹ ਮੰਨਤ ਤੀਹ ਦਿਨ ਤੋਂ ਲੈ ਕੇ ਉਮਰ ਭਰ ਲਈ ਹੋ ਸਕਦੀ ਹੈ।[39] ਇਸ ਮੰਨਤ ਦੌਰਾਨ ਵਾਲ ਕਟਾਉਣ, ਦਾਖ ਦੇ ਕਿਸੇ ਤਰ੍ਹਾਂ ਦੇ ਫ਼ਲ ਅਤੇ ਲਾਸ਼ ਤੋਂ ਦੂਰ ਰਿਹਾ ਜਾਂਦਾ ਸੀ (ਗਿਣਤੀ 6:2-8)। ਸਾਡੇ ਪਾਠ ਦੀ ਆਇਤ 26 ਵਿਚ ''ਸ਼ੁੱਧ ਹੋਣ ਦੇ ਦਿਨਾਂ'' ਦੀ ਗੱਲ ਹੈ ਅਤੇ ਆਇਤ 27 ਸਾਫ਼ ਤੌਰ ਤੇ ਉਨ੍ਹਾਂ ਨੂੰ ''ਉਹ ਸੱਤ ਦਿਨ'' ਆਖਦੀ ਹੈ, ਜਿਸ ਕਰਕੇ ਬਹੁਤ ਸਾਰੇ ਲੋਕਾਂ ਦਾ ਵਿਚਾਰ ਹੈ ਕਿ ਇਨ੍ਹਾਂ ਚਾਰ ਜਣਿਆਂ ਨੇ ਆਪਣੇ ਆਪ ਨੂੰ ਇਕ ਲਾਸ਼ ਨਾਲ ਅਸ਼ੁੱਧ ਕਰ ਲਿਆ ਸੀ। ਜਿਸ ਲਈ ਸੱਤ ਦਿਨਾਂ ਦੀ ਸ਼ੁੱਧੀ ਦਾ ਸਮਾਂ ਜ਼ਰੂਰੀ ਸੀ, ਜਿਹਦੇ ਬਾਅਦ ਉਨ੍ਹਾਂ ਨੇ ਆਪਣੇ ਸਿਰ ਮੁਨਾ ਕੇ ਫੇਰ ਤੋਂ ਆਪਣੀ ਮੰਨਤ ਨਵੇ ਸਿਰਿਓਂ ਸ਼ੁਰੂ ਕਰਨੀ ਸੀ (ਗਿਣਤੀ 6:9-12)। ਸ਼ੁੱਧ ਹੋਣ ਦੇ ਉਸ ਸਮੇਂ ਦੌਰਾਨ ਕੰਮ ਕਰਨ ਤੋਂ ਪਰਹੇਜ਼ ਅਤੇ ਕੁਰਬਾਨੀ ਲਈ ਖਰਚ ਆਉਣ ਵਾਲਾ ਧਨ ਵੀ ਸ਼ਾਮਿਲ ਸੀ। ਇਹ ਐਲਡਰ ਸੁਝਾਅ ਦੇ ਰਹੇ ਸਨ ਕਿ ਸਾਰਾ ਖਰਚ ਪੌਲੁਸ ਚੁੱਕੇ।[40]

ਪੌਲੁਸ ਦਾ ਆਪਣਾ ਸ਼ੁੱਧੀਕਰਣ ਇਕ ਸਾਦੇ ਸਮਾਰੋਹ ਵਿਚ ਹੈਕਲ ਵਿਚ ਉਸ ਨੂੰ ਜਾਣ ਦੀ ਇਜਾਜ਼ਤ ਲਈ ਹੋਣਾ ਸੀ।[41] ਉਨ੍ਹਾਂ ਚਾਰਾਂ ਦੇ ਸ਼ੁੱਧੀਕਰਣ ਦੇ ਸਮੇਂ ਪੌਲੁਸ ਦਾ ਸ਼ੁੱਧੀਕਰਣ ਦੀ ਪ੍ਰਕਿਰਿਆ ਵਿਚ ਜਾਣਾ (ਐਲਡਰਾਂ ਦੇ ਖ਼ਿਆਲ 'ਚ) ਸ਼ਰ੍ਹਾ ਪ੍ਰਤੀ ਪੌਲੁਸ ਦੇ ਸਮਰਪਣ ਨੂੰ ਵਿਖਾਉਣਾ ਸੀ।

ਉਸ ਮੰਨਤ ਦੇ ਵਿਸਤਾਰ ਵਿਚ ਜਾਣ ਜਾਂ ਇਹ ਜਾਣਨ ਦੀ ਕੋਈ ਲੋੜ ਨਹੀਂ ਹੈ ਕਿ ਰਸੂਲਾਂ ਦੇ ਕੰਮ 21:23-27 ਵਿਚ ਕੀ ਕੀ ਹੋਇਆ।[42] ਜਿੱਥੋਂ ਤਕ ਸਾਡੇ ਅਧਿਐਨ ਦੀ ਗੱਲ

ਹੈ, ਨਜ਼ੀਰੀ ਮੰਨਤ ਦਾ ਅਹਿਮ ਪਹਿਲੂ ਇਹ ਹੈ ਕਿ ਇਸ ਵਿਚ ਕੁਰਬਾਨੀਆਂ ਹੁੰਦੀਆਂ ਸਨ, ਜਿਸ ਵਿਚ *ਪਾਪ ਬਲੀ* ਵੀ ਸ਼ਾਮਿਲ ਸੀ। ਕਿਸੇ ਵੱਲੋਂ ਆਪਣੇ ਆਪ ਨੂੰ ਸ਼ੁੱਧ ਕਰਨ ਦੇ ਬਾਅਦ ਉਸ ਮੰਨਤ ਨੂੰ ਫੇਰ ਤੋਂ ਬਹਾਲ ਕਰਨ ਲਈ ਯਾਜਕ ਕੋਲ ਦੋ ਘੁੱਗੀਆਂ ਜਾਂ ਕਬੂਤਰ ਦੇ ਬੱਚੇ ਲਿਆਉਣੇ ਹੁੰਦੇ ਸਨ ਅਤੇ ''ਯਾਜਕ ਇਕ ਨੂੰ ਪਾਪ ਦੀ ਬਲੀ ਅਤੇ ਦੂਜੇ ਨੂੰ ਹੋਮ ਦੀ ਬਲੀ ਲਈ ... ਉਹਦੇ ਲਈ ਪ੍ਰਾਸ਼ਚਿਤ'' ਕਰਦਾ ਸੀ ''ਕਿਉਂਕਿ ਉਸ ਨੇ ਪਾਪ ਕੀਤਾ'' ਸੀ (ਗਿਣਤੀ 6:11)। ਅਖ਼ੀਰ ਵਿਚ ਮੰਨਤ ਪੂਰੀ ਹੋ ਜਾਣ ਤੇ ਹੋਰ ਕੁਰਬਾਨੀਆਂ ਦੇ ਨਾਲ ਉਹਦੇ ਲਈ ''ਬੱਜ ਤੋਂ ਰਹਿਤ ਲੇਲੀ *ਪਾਪ ਦੀ ਬਲੀ* ਲਈ'' (ਗਿਣਤੀ 6:14) ਲਿਆਉਣੀ ਹੁੰਦੀ ਸੀ।

ਪੌਲੁਸ ਨੂੰ ਉਨ੍ਹਾਂ ਚਾਰਾਂ ਦਾ ਖਰਚਾ ਦੇਣ ਲਈ ''ਸਲਾਹ'' ਦੇਣ ਦੇ ਬਾਅਦ ਐਲਡਰਾਂ ਨੇ ਕਿਹਾ, ''ਤਾਂ ਸਭ ਲੋਕ ਜਾਣ ਲੈਣਗੇ ਭਈ ਜਿਹੜੀਆਂ ਗੱਲਾਂ ਉਹ ਦੇ ਵਿਖੇ ਅਸਾਂ ਸੁਣੀਆਂ ਹਨ ਸੋ ਕੁਝ ਨਹੀਂ ਸਗੋਂ ਇਹ ਕਿ ਉਹ ਆਪ ਭੀ ਸ਼ਰ੍ਹਾ ਨੂੰ ਮੰਨ ਕੇ ਸਿੱਧੀ ਚਾਲ ਚੱਲਦਾ ਹੈ'' (ਆਇਤ 24ਅ)। ਭਲਾ ਯਾਕੂਬ ਨੂੰ ਥੋੜ੍ਹੀ ਸ਼ਰਮ ਆਈ ਜਦ ਉਹਨੇ ਦੂਜੇ ਐਲਡਰਾਂ ਨਾਲ ਮਿਲ ਕੇ ਉਸ ਨੂੰ ''ਸ਼ਰ੍ਹਾ ਨੂੰ ਪੂਰਾ ਕਰਨ'' ਦੀ ਗੱਲ ਕਹੀ? ਅੱਠ-ਦਸ ਸਾਲ ਪਹਿਲਾਂ, ਯਰੂਸ਼ਲਮ ਵਿਚ ਇਕ ਖ਼ਾਸ ਸਭਾ ਦੌਰਾਨ ਜਦ ਰਸੂਲਾਂ ਨੇ ਸ਼ਰ੍ਹਾ ਨੂੰ ''... ਜੂਲਾ ... ਜਿਹ ਨੂੰ ਨਾ ਸਾਡੇ ਪਿਉ ਦਾਦੇ, ਨਾ ਅਸੀਂ ਚੁੱਕ ਸੱਕੇ?'' (15:10ਅ) ਕਿਹਾ ਸੀ ਤਾਂ ਯਾਕੂਬ ਅਤੇ ਐਲਡਰਾਂ ਨੇ ਪਤਰਸ ਨਾਲ ਸਹਿਮਤੀ ਜਤਾਈ ਸੀ।[43] ਹੁਣ ਉਹ ਪੌਲੁਸ ਨੂੰ ''ਕਹਿ ਰਹੇ'' ਸਨ ਕਿ ਉਹ ਆਪਣੇ ਸਾਥੀ ਮਸੀਹੀਆਂ ਨੂੰ ਸਮਝਾਏ ਕਿ ਉਹ ਅਜੇ ਵੀ ਉਸ ਜੂਲੇ ਪ੍ਰਤੀ ਸਮਰਪਤ ਹੈ ਅਤੇ ਉਸ ਨੂੰ ਚੁੱਕਣ ਲਈ ਤਿਆਰ ਹੈ ਜੋ ਚੁੱਕਣਾ ਔਖਾ ਸੀ।

ਜ਼ਾਹਿਰ ਤੌਰ ਤੇ ਐਲਡਰਾਂ ਨੇ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਦੀ ਇਹ ਪੇਸ਼ਕਸ਼ ਉਨ੍ਹਾਂ ਦੀ ਪਹਿਲੀ ਸਭਾ ਵਿਚ ਲਏ ਗਏ ਫ਼ੈਸਲੇ ਤੋਂ ਪਿੱਛੇ ਹਟਣਾ ਮੰਨਿਆ ਜਾ ਸਕਦਾ ਹੈ, ਕਿਉਂਕਿ ਉਨ੍ਹਾਂ ਨੇ ਛੇਤੀ ਹੀ ਇਹ ਸਾਫ਼ ਕਰ ਦਿੱਤਾ ਕਿ ਉਹ ਇਸ ਫੈਸਲੇ ਨੂੰ ਮੰਨਦੇ ਹਨ: ''ਪਰ *ਪਰਾਈਆਂ ਕੌਮਾਂ ਦੇ ਹੱਕ ਵਿਚ ਜਿਨ੍ਹਾਂ ਨਿਹਚਾ ਕੀਤੀ ਹੈ* ਅਸੀਂ ਇਹ ਠਹਿਰਾ ਕੇ ਲਿਖ ਭੇਜਿਆ ਸੀ ਭਈ ਉਹ ਮੂਰਤਾਂ ਦੇ ਚੜ੍ਹਾਵੇ ਅਤੇ ਲਹੂ ਅਤੇ ਗਲ ਘੁੱਟੇ ਹੋਏ ਦੇ ਮਾਸ ਅਤੇ ਹਰਾਮਕਾਰੀ ਤੋਂ ਆਪ ਨੂੰ ਬਚਾ ਰੱਖਣ'' (21:25)। (15:20, 29 ਵੀ ਵੇਖੋ।)[44] ਦੂਜੇ ਸ਼ਬਦਾਂ ਵਿਚ, ''ਸਾਡੀ ਬੇਨਤੀ ਵਿਚ ਉਹ ਪਰਾਈਆਂ ਕੌਮਾਂ ਦੇ ਮਸੀਹੀ ਸ਼ਾਮਿਲ ਨਹੀਂ ਹਨ। ਪੌਲੁਸ ਨੂੰ ਅਸੀਂ ਜੋ ਕੁਝ ਕਹਿ ਰਹੇ ਹਾਂ ਉਹ ਸਿਰਫ਼ ਯਹੂਦੀਆਂ ਤੋਂ ਬਣਨ ਵਾਲੇ ਮਸੀਹੀਆਂ ਦੇ ਫ਼ਾਇਦੇ ਲਈ ਹੈ।''

ਮੈਂ ਯਰੂਸ਼ਲਮ ਦੇ ਐਲਡਰਾਂ ਨਾਲ ਹਮਦਰਦੀ ਰੱਖ ਸਕਦਾ ਹਾਂ। ਯਹੂਦੀ ਧਰਮ ਦੇ ਗੜ੍ਹ ਵਿਚ ਰਹਿੰਦਿਆਂ ਉਨ੍ਹਾਂ ਦੇ ਸਾਹਮਣੇ ਇਹ ਲਗਭਗ ਇਕ ਨਾਮੁਮਕਿਨ ਕੰਮ ਸੀ। ਆਮ ਤੌਰ ਤੇ ਯਹੂਦੀ ਲੋਕ ਆਪਣੇ ਧਰਮ ਅਤੇ ਕੌਮ ਵਿਚ ਕਦੇ ਫ਼ਰਕ ਨਹੀਂ ਕਰਦੇ।[45] ਇਹ ਗੱਲ ਬਾਈਬਲ ਦੇ ਸਮੇਂ ਵਿਚ ਵੀ ਸੱਚ ਸੀ ਅਤੇ ਅੱਜ ਵੀ ਸੱਚ ਹੈ। ਆਮ ਯਹੂਦੀ ਨੂੰ ਸ਼ਰ੍ਹਾ ਛੱਡਣ ਲਈ ਕਹਿਣਾ ਉਹਨੂੰ ਯਹੂਦੀ ਧਰਮ ਛੱਡਣ ਨੂੰ ਕਹਿਣ ਦੇ ਬਰਾਬਰ ਸੀ (ਅਤੇ ਹੈ)। ਬੇਸ਼ੱਕ ਐਲਡਰਾਂ ਨੇ ਇਹ ਵਿਚਾਰ ਕੀਤਾ ਕਿ ''ਜੇ ਅਸੀਂ ਸ਼ਰ੍ਹਾ ਦੇ ਖਿਲਾਫ਼ ਬੋਲਦੇ ਹਾਂ ਤਾਂ ਮੰਡਲੀਆਂ ਵਿਚ ਸਾਨੂੰ ਮੁਸ਼ਕਿਲ ਆਵੇਗੀ ਅਤੇ ਅਸੀਂ ਆਪਣੇ ਮਿੱਤਰਾਂ ਅਤੇ ਗੁਆਂਢੀਆਂ ਨੂੰ ਕਦੇ ਪ੍ਰਭਾਵਿਤ ਨਹੀਂ ਕਰ ਸਕਾਂਗੇ।''

ਦੂਜੀ, ਮੈਂ ਇਹ ਸੋਚੇ ਬਗ਼ੈਰ ਨਹੀਂ ਰਹਿ ਸਕਦਾ ਕਿ ਯਰੂਸ਼ਲਮ ਦੇ ਐਲਡਰ ਆਪਣੇ

ਸਮਾਜ ਅਤੇ ਕਲੀਸੀਆ ਵਿਚ ਸ਼ਰ੍ਹਾ ਮੜ੍ਹਨ ਵਾਲੇ ਧੜੇ ਦੀ ਕੁਝ ਜ਼ਿਆਦਾ ਮੰਨ ਰਹੇ ਸਨ (15:5; ਗਲਾਤੀਆਂ 2:11, 12)। ਮੈਨੂੰ ਸ਼ੱਕ ਹੈ ਕਿ ਇਨ੍ਹਾਂ ਐਲਡਰਾਂ ਨੇ ਉਸ ਹਮਲਾਵਰ ਪ੍ਰਚਾਰ ਨੂੰ ਵਧਾਵਾ ਦਿੱਤਾ ਜਿਸ ਦਾ ਪ੍ਰਚਾਰ ਹਰ ਯਹੂਦੀ ਸਮਾਜ ਵਿਚ ਪੌਲੁਸ ਕਰਦਾ ਸੀ ਭਾਵ ਜਿਸ ਪ੍ਰਚਾਰ ਨਾਲ ਉਹਨੂੰ ਸਮਾਜਾਂ ਵਿਚ ਮਾਰ ਪਈ (ਅਤੇ ਕੱਢ ਦਿੱਤਾ ਗਿਆ) (ਵੇਖੋ 2 ਕੁਰਿੰਥੀਆਂ 11:24)।[46] ਸੱਚਾਈ ਨਾਲ ਸਮਝੌਤਾ ਕੀਤੇ ਬਗ਼ੈਰ ''ਸਾਰੇ ਮਨੁੱਖਾਂ ਦੇ ਨਾਲ ਮੇਲ'' (ਰੋਮੀਆਂ 12:18ਅ) ਰੱਖਣ ਦੀ ਚੁਣੌਤੀ ਅਸਾਨ ਨਹੀਂ ਹੈ (ਕਹਾਉਤਾਂ 23:23)। ਨਾ ਤਾਂ ਇਹ ਯਰੂਸ਼ਲਮ ਵਿਚ ਅਸਾਨ ਸੀ ਅਤੇ ਨਾ ਉੱਥੇ ਜਿੱਥੇ ਤੁਸੀਂ ਰਹਿੰਦੇ ਹੋ।

## ਹੈਰਾਨ ਕਰਨ ਵਾਲਾ ਨਤੀਜਾ (21:26, 27)

ਐਲਡਰਾਂ ਵੱਲੋਂ ਇਹ ਦੱਸਣ ਦੇ ਬਾਅਦ ਕਿ ਉਸ ਨੂੰ ਕੀ ਕਰਨਾ ਚਾਹੀਦਾ ਹੈ, ਪੌਲੁਸ ਨੇ ਕੀ ਜਵਾਬ ਦਿੱਤਾ? ਭਲਾ ਉਹਨੇ ਵਿਰੋਧ ਕੀਤਾ, ''ਤੁਸੀਂ ਮੈਨੂੰ ਹੁਕਮ ਦੇਣ ਵਾਲੇ ਹੁੰਦੇ ਕੌਣ ਹੋ?'' ਭਲਾ ਉਹਨੇ ਇਹ ਐਲਾਨ ਕੀਤਾ ''ਤੁਸੀਂ ਇਸ ਮੰਡਲੀ ਦੇ ਰਹਿਨੁਮਾ ਹੋ। ਇਸ ਮਾਮਲੇ ਨੂੰ ਨਿਪਟਾਉਣਾ ਤੁਹਾਡੀ ਜ਼ਿੰਮੇਵਾਰੀ ਹੈ, ਮੇਰੀ ਨਹੀਂ''? ਭਲਾ ਉਹਨੇ ਇਤਰਾਜ਼ ਕੀਤਾ, ''ਇਹ ਸਹੀ ਹੈ ਕਿ ਖਾਸ ਹਾਲਾਤ ਵਿਚ ਮੇਰੀ ਨੀਤੀ 'ਸ਼ਰ੍ਹਾ ਦੇ ਅਧੀਨ' ਹੋਣ ਦੀ ਹੈ, ਪਰ ਉਹ ਨੀਤੀ *ਵਿਸ਼ਵਾਸ ਨਾ ਕਰਨ ਵਾਲੇ* ਯਹੂਦੀਆਂ ਨੂੰ ਮਸੀਹ ਵਿਚ ਲਿਆਉਣ ਲਈ ਹੈ,[47] ਯਹੂਦੀ ਮਸੀਹੀਆਂ ਨੂੰ ਸੰਤੁਸ਼ਟ ਕਰਨ ਲਈ ਨਹੀਂ''? ਭਲਾ ਉਹਨੇ ਇਹ ਧਿਆਨ ਦਿੱਤਾ ਕਿ ਪ੍ਰਸਤਾਵਿਤ ਕੰਮ ਨੂੰ ਕਰਨਾ ਸ਼ਰ੍ਹਾ ਥੋਪਣ ਵਾਲਿਆਂ ਵੱਲੋਂ (ਰਸੂਲਾਂ ਦੇ ਕੰਮ 15:5) ਇਸ ''ਸਬੂਤ'' ਦੇ ਰੂਪ ਵਿਚ ਵਰਤਿਆ ਜਾਵੇਗਾ ਕਿ ਪੌਲੁਸ ਉਨ੍ਹਾਂ ਨਾਲ ਸਹਿਮਤ ਸੀ?

ਐਲਡਰਾਂ ਨੇ ਪੌਲੁਸ ਨੂੰ ਨੁੱਕਰੇ ਲਾ ਦਿੱਤਾ ਸੀ। ਉਹ ਯਰੂਸ਼ਲਮ ਦੇ ਭਾਈਆਂ ਵਿਚ ਮੇਲ ਵਧਾਉਣ ਲਈ ਆਇਆ ਸੀ ਪਰ ਇਹ ਐਲਡਰ ਉਹਨੂੰ ਦੱਸ ਰਹੇ ਸਨ ਕਿ ਉਹਦੇ ਆਉਣ ਨਾਲ ਫੁੱਟ ਵਧੀ ਹੈ। ਉਹ ਜਿੱਤਣ ਦੀ ਹਾਲਤ ਵਿਚ ਨਹੀਂ ਸੀ। ਜੇ ਉਹ ਐਲਡਰਾਂ ਦੀ ਯੋਜਨਾ ਨੂੰ ਮੰਨਣ ਤੋਂ ਇਨਕਾਰ ਕਰ ਦਿੰਦਾ ਤਾਂ ਉਸ ਉੱਤੇ ਕਲੀਸੀਆ ਵਿਚ ਅੰਦਰ ਫੁੱਟ ਨੂੰ ਵਧਾਵਾ ਦੇਣ ਦਾ ਇਲਜ਼ਾਮ ਲੱਗ ਸਕਦਾ ਸੀ ਅਤੇ ਜੇ ਉਹ ਉਨ੍ਹਾਂ ਦੀ ਪੇਸ਼ਕਸ਼ ਨੂੰ ਮੰਨ ਲੈਂਦਾ ਤਾਂ ਉਸ ਉੱਤੇ ਵਿਰੋਧ ਕਰਨ ਦਾ ਇਲਜ਼ਾਮ ਲੱਗਣਾ ਸੀ।

ਲੂਕਾ ਨੇ ਐਲਡਰਾਂ ਦੀ ਯੋਜਨਾ ਦਾ ਪੌਲੁਸ ਦਾ ਦਿਮਾਗੀ ਜਾਂ ਜ਼ਬਾਨੀ ਜਵਾਬ ਨਹੀਂ ਲਿਖਿਆ। ਉਹਦਾ ਮਕਸਦ ਉਨ੍ਹਾਂ ਘਟਨਾਵਾਂ ਨੂੰ ਸੰਖੇਪ ਰੂਪ ਵਿਚ ਲਿਖਣਾ ਸੀ ਜਿਨ੍ਹਾਂ ਕਰਕੇ ਪੌਲੁਸ ਦੀ ਗ੍ਰਿਫ਼ਤਾਰੀ ਹੋਈ ਸੀ। ਉਹਨੇ ਹੈਰਾਨ ਕਰਨ ਵਾਲੀ ਘਟਨਾ ਬਾਰੇ ਦੱਸਿਆ ਜਿਹਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ: ''ਤਦ ਪੌਲੁਸ ਨੇ ਉਨ੍ਹਾਂ ਮਨੁੱਖਾਂ ਨੂੰ ਨਾਲ ਲਿਆ[48] ਅਤੇ ਦੂਜੇ ਦਿਨ ਉਨ੍ਹਾਂ ਸਣੇ ਆਪ ਨੂੰ ਸ਼ੁੱਧ ਕਰ ਕੇ ਹੈਕਲ ਵਿਚ ਗਿਆ[49] ਅਰ ਸ਼ੁੱਧ ਹੋਣ ਦੇ ਦਿਨਾਂ ਦੇ ਪੂਰੇ ਹੋਣ ਦੀ ਖ਼ਬਰ ਦਿੰਦਾ ਗਿਆ ਜਦ ਤਾਈਂ ਉਨ੍ਹਾਂ ਵਿੱਚੋਂ ਹਰੇਕ ਦੇ ਲਈ ਭੇਂਟ ਚੜ੍ਹਾਈ ਨਾ ਗਈ'' (21:26)।

ਇਨ੍ਹਾਂ ਚਾਰ ਬੰਦਿਆਂ ਨੂੰ ਹੈਕਲ ਵਿਚ ਜਾਣ ਦੀ ਉਦੋਂ ਤਕ ਇਜਾਜ਼ਤ ਨਹੀਂ ਮਿਲਣੀ ਸੀ ਜਦ ਤਕ ਉਨ੍ਹਾਂ ਦੇ ਸ਼ੁੱਧ ਹੋਣ ਦੇ ਸੱਤ ਦਿਨ ਪੂਰੇ ਨਾ ਹੋ ਜਾਂਦੇ, ਪਰ ਪੌਲੁਸ ਦੇ ਵਿਧੀ ਮੁਤਾਬਕ ਸ਼ੁੱਧ ਹੋਣ ਲਈ ਇਕ ਜਾਂ ਇਸ ਤੋਂ ਵੱਧ ਦਿਨ ਲੱਗ ਜਾਣੇ ਸਨ।[50] ਉਹ ਉਨ੍ਹਾਂ ਵੱਲੋਂ ਉਨ੍ਹਾਂ ਦੇ ਸ਼ੁੱਧ ਹੋਣ ਦੇ ਅਖ਼ੀਰ ਵਿਚ ਦਿੱਤੀਆਂ ਜਾਣ ਵਾਲੀਆਂ ਕੁਰਬਾਨੀਆਂ ਦਾ ਇੰਤਜ਼ਾਮ ਕਰਨ ਲਈ

ਹੈਕਲ ਵਿਚ ਜਾ ਸਕਦਾ ਸੀ।

ਦੋ ਹੋਰ ਗੱਲਾਂ ਤੇ ਧਿਆਨ ਦਿੱਤੇ ਜਾਣ ਦੀ ਲੋੜ ਹੈ: (1) ਪੌਲੁਸ ਨੇ ਜੋ ਸ਼ੁਰੂ ਕੀਤਾ ਸੀ ਉਸ ਨੂੰ ਪੂਰਾ ਨਹੀਂ ਕੀਤਾ। ਅਗਲੀ ਆਇਤ ਧਿਆਨ ਦੁਆਉਂਦੀ ਹੈ ਕਿ ''*ਜਾਂ ਉਹ ਸੱਤ ਦਿਨ ਪੂਰੇ ਹੋਣ ਲੱਗੇ* ਤਾਂ ਉਨ੍ਹਾਂ ਯਹੂਦੀਆਂ ਨੇ ਜਿਹੜੇ ਅਸੀਆ ਦੇ ਸਨ ਉਹ ਨੂੰ ਹੈਕਲ ਵਿਚ ਵੇਖ ਕੇ ਸਾਰੀ ਭੀੜ ਨੂੰ ਭੜਕਾਇਆ'' (ਆਇਤ 27)। ਗ਼ੈਰ ਮਸੀਹੀ ਯਹੂਦੀਆਂ ਨੇ ਪੌਲੁਸ ਨੂੰ ਕੁਰਬਾਨੀ ਚੜ੍ਹਾਉਣ ਤੋਂ ਪਹਿਲਾਂ ਹੀ ਫੜ੍ਹ ਲਿਆ। (ਕੁਰਬਾਨੀ ਸੱਤ ਦਿਨਾਂ ਦੇ ਅਖ਼ੀਰ ਵਿਚ ਆਈ)। ਭਲਾ ਪੌਲੁਸ ਨੂੰ ਲਹੂ ਦੀ ਕੁਰਬਾਨੀ ਵਿਚ ਹਿੱਸਾ ਲੈਣ ਤੋਂ ਦੂਰ ਰੱਖਣ ਵਿਚ ਖ਼ੁਦਾ ਦਾ ਕੋਈ ਹੱਥ ਸੀ? ਇਹ ਇਕ ਦਿਲਚਸਪ ਖ਼ਿਆਲ ਹੈ। (2) ਐਲਡਰਾਂ ਨੂੰ ਆਸ ਸੀ ਕਿ ਮੁਸ਼ਕਿਲ ਹੱਲ ਹੋ ਜਾਵੇਗੀ, ਪਰ ਪੌਲੁਸ ਦੇ ਕੰਮ ਨੇ ਮੁਸ਼ਕਿਲ ਹੋਰ ਵਧਾ ਦਿੱਤੀ। ਸਾਨੂੰ ਨਹੀਂ ਪਤਾ ਕਿ ਹੈਕਲ ਵਿਚ ਉਹਦੇ ਜਾਣ ਨਾਲ ਯਹੂਦੀ ਵਿਸ਼ਵਾਸੀਆਂ ਨੂੰ ਸੌਖ ਹੋਈ ਜਾਂ ਨਹੀਂ।[51] ਪਰ ਐਨਾ ਜ਼ਰੂਰ ਹੈ ਕਿ ਉਹਦੇ ਇਸ ਤਰ੍ਹਾਂ ਕਰਨ ਨਾਲ ਯਹੂਦੀ ਅਵਿਸ਼ਵਾਸੀ ਗੁੱਸੇ ਵਿਚ ਆ ਗਏ ਜਿਸ ਕਰਕੇ ਉਹਨੂੰ ਜੇਲ੍ਹ ਜਾਣਾ ਪਿਆ।

## ਸਾਰ

ਅਗਲੇ ਪਾਠ ਵਿਚ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਪੌਲੁਸ ਐਲਡਰਾਂ ਦੀ ਗੱਲ ਮੰਨਣ ਲਈ ਰਾਜ਼ੀ *ਕਿਉਂ* ਹੋਇਆ ਅਤੇ ਉਹਨੇ ਸਹੀ ਕੀਤਾ ਜਾਂ ਗ਼ਲਤ। ਪੌਲੁਸ ਸਹੀ ਸੀ ਜਾਂ ਗ਼ਲਤ ਪਰ ਅਸੀਂ ਇਸ ਆਇਤ ਤੋਂ ਕਈ ਸਬਕ ਲੈ ਸਕਦੇ ਹਾਂ:

ਅਸੀਂ ਕਲੀਸੀਆ ਦੇ ਸਬੰਧਾਂ ਬਾਰੇ ਸਬਕ ਲੈ ਸਕਦੇ ਹਾਂ: ਪਹਿਲਾ, ਇਕ ਮੈਂਬਰ ਸਭ ਮੈਂਬਰਾਂ ਨੂੰ ਪ੍ਰਭਾਵਤ ਕਰਦਾ ਹੈ। ਦੂਜਾ ਇਹ ਕਿ ਭਾਵੇਂ ਕੁਝ ਵੀ ਕਰ ਲਓ, ਤੁਸੀਂ ਸਭ ਨੂੰ ਖੁਸ਼ ਨਹੀਂ ਕਰ ਸਕਦੇ। ਤੀਜਾ ਇਹ ਕਿ ਕੋਈ ਨਾ ਕੋਈ ਰਹਿ ਹੀ ਜਾਂਦਾ ਹੈ ਜੋ ਬੁਰਾਈ ਤੇ ਵਿਸ਼ਵਾਸ ਕਰਦਾ ਹੈ ਅਤੇ ਬੁਰਾਈ ਤੇ ਵਿਸ਼ਵਾਸ ਕਰਕੇ ਆਪਣੇ ਵਿਸ਼ਵਾਸ ਨੂੰ ਦੂਜਿਆਂ ਵਿਚ ਫੈਲਾਉਂਦਾ ਹੈ। ਉਨ੍ਹਾਂ ਨਕਾਰਾਤਮਕ ਵਿਚਾਰਾਂ ਨਾਲ ਨਿਪਟਣਾ ਪੌਲੁਸ ਦੀ ਮਿਸਾਲ ਹੈ, ਜਿਸ ਨੂੰ ਉਨ੍ਹਾਂ ਗੱਲਾਂ ਦੀ ਫ਼ਿਕਰ ਹੁੰਦੀ ਸੀ ਜਿਨ੍ਹਾਂ ਦਾ ਦੂਜੇ ਲੋਕ ਖ਼ਿਆਲ ਕਰਦੇ ਸਨ ਅਤੇ ਕਲੀਸੀਆ ਵਿਚ ਏਕਤਾ ਲਈ ਜੋ ਕੁਝ ਵੀ ਕਰਨ ਦੀ ਲੋੜ ਹੋਵੇ, ਉਹ ਕਰਨ ਨੂੰ ਤਿਆਰ ਸੀ। ਅਸੀਂ ਪੌਲੁਸ ਤੋਂ ਸਬਕ ਲੈ ਸਕਦੇ ਹਾਂ ਕਿ ਕਲੀਸੀਆ ਵਿਚ ਪਾਈਆਂ ਜਾਣ ਵਾਲੀਆਂ ਕਮੀਆਂ ਦੇ ਬਾਵਜੂਦ ਇਸ ਨਾਲ ਪਿਆਰ ਕਿਵੇਂ ਕੀਤਾ ਜਾਵੇ।

ਅਸੀਂ ਉਪਦੇਸ਼ ਦੇਣ ਅਤੇ ਲੈਣ ਬਾਰੇ ਵੀ ਸਬਕ ਲੈ ਸਕਦੇ ਹਾਂ: ਇਕ ਪਾਸੇ ਤਾਂ ਸਾਨੂੰ ਉਪਦੇਸ਼ ਦੇਣ ਵਿਚ ਚੌਕਸ ਰਹਿਣ ਦੀ ਲੋੜ ਹੈ; ਜਿਸ ਗੱਲ ਨਾਲ ਸਾਡੀ ਜ਼ਿੰਦਗੀ ਪ੍ਰਭਾਵਿਤ ਨਹੀਂ ਹੁੰਦੀ ਉਹਦੇ ਲਈ ਦੂਜਿਆਂ ਨੂੰ ਦੱਸਣਾ ਕਿ ਉਹ ਕੀ ਕਰਨ, ਬੜਾ ਸੌਖਾ ਹੈ। ਸ਼ਾਇਦ ਹੀ ਐਲਡਰਾਂ ਨੇ ਪੌਲੁਸ ਉੱਤੇ ਦਬਾਅ ਪਾਉਣ ਲਈ ਕਦੇ ਖੇਦ ਜ਼ਾਹਿਰ ਕੀਤਾ ਹੋਵੇ। ਅਗਲੇ ਪੰਜ ਸਾਲਾਂ ਦੌਰਾਨ ਭਲਾ ਉਨ੍ਹਾਂ ਵਿੱਚੋਂ ਕਿਸੇ ਨੇ ਵੀ ਕਿਹਾ, ''ਜੇ ਅਸੀਂ ਇੰਜ ਨਾ ਕਰਦੇ, ਤਾਂ ਪੌਲੁਸ ਜੇਲ੍ਹ ਵਿਚ ਨਾ ਜਾਂਦਾ। ਉਹ ਬਾਹਰ ਕਿਤੇ ਇੰਜੀਲ ਦਾ ਪ੍ਰਚਾਰ ਕਰ ਰਿਹਾ ਹੁੰਦਾ''? ਦੂਜੇ ਪਾਸੇ ਸਾਨੂੰ ਉਪਦੇਸ਼ ਦੇਣ ਵਿਚ ਚੌਕਸੀ ਵਰਤਣ ਦੀ ਲੋੜ ਹੈ। ਹਰ ਉਪਦੇਸ਼ ਨੂੰ ਦੋ ਥਾਂ ਭਾਵ ਆਤਮਾ ਦੀ ਪ੍ਰੇਰਣਾ ਨਾਲ ਦਿੱਤੀ ਖ਼ੁਦਾ ਦੀ ਸੱਚਿਆਈ ਅਤੇ ਉਸ ਤੋਂ ਮਿਲਣ ਵਾਲੇ ਨਤੀਜਿਆਂ ਨੂੰ ਵਿਹਾਰਕ ਤੱਕੜੀਆਂ ਵਿਚ ਤੋਲਣਾ ਚਾਹੀਦਾ ਹੈ।

ਸ਼ਾਇਦ ਇਹ ਹਿੱਸਾ ਖ਼ੁਦਾ ਦੀ ਬੁੱਧ ਅਤੇ ਖ਼ੁਦਾ ਦੇ ਫ਼ਜ਼ਲ ਬਾਰੇ ਅਹਿਮ ਸਬਕ ਦੇ ਸਕਦਾ ਹੈ: ਪੌਲੁਸ ਨੇ ਗਲਤੀ ਕੀਤੀ ਜਾਂ ਨਹੀਂ, ਖ਼ੁਦਾ ਨੇ ਆਪਣੀਆਂ ਯੋਜਨਾਵਾਂ ਅਤੇ ਮਕਸਦਾਂ ਨੂੰ ਪੂਰਾ ਕਰਨ ਲਈ ਉਸ ਹਾਲਾਤ ਦੀ ਵਰਤੋਂ ਕੀਤੀ। ਅਗਲੀ ਘਟਨਾ ਨਾਲ ਉਹ ਨਬੂਵਤ ਪੂਰੀ ਹੋਈ ਕਿ ਯਰੂਸ਼ਲਮ ਵਿਚ ਗ੍ਰਿਫ਼ਤਾਰੀ ਪੌਲੁਸ ਦੀ ਉਡੀਕ ਕਰ ਰਹੀ ਸੀ (20:22, 23) ਅਤੇ ਇਸ ਨਾਲ ਘਟਨਾਵਾਂ ਦੀ ਉਹ ਲੜੀ ਸ਼ੁਰੂ ਹੋਈ ਜੋ ਬਾਅਦ ਵਿਚ ਪੌਲੁਸ ਦੇ ਰੋਮ ਪਹੁੰਚਣ ਦਾ ਕਾਰਣ ਬਣੀ। ਇਹ ਜਾਣ ਕੇ ਸੰਤੋਖ ਹੁੰਦਾ ਹੈ ਕਿ ਜਦ ਸਾਡੇ ਇਰਾਦੇ ਨੇਕ ਹੋਣ ਅਤੇ ਸਾਡੇ ਮਨ ਉਸ ਉੱਤੇ ਲੱਗੇ ਹੋਣ ਤਾਂ ਖ਼ੁਦਾ ਸਾਡੀਆਂ ਜ਼ਿੰਦਗੀਆਂ ਵਿਚ ਉਦੋਂ ਵੀ ਕੰਮ ਕਰ ਸਕਦਾ ਹੈ ਜਦ ਅਸੀਂ ਫ਼ੈਸਲਾ ਲੈਣ ਵਿਚ ਗਲਤੀ ਕਰਦੇ ਹਾਂ। ਇਹ ਖ਼ਿਆਲ ਕਰਕੇ ਕਿ ਮੈਂ ਕਿੰਨੀ ਵਾਰ ਗ਼ਲਤੀਆਂ ਕੀਤੀਆਂ ਹਨ, ਮੈਂ ਖ਼ੁਦਾ ਦਾ ਸ਼ੁਕਰ ਕਰਦਾ ਹਾਂ ਕਿ ਮੈਂ ਰਹਿਮ ਨਾਲ ਭਰੇ ਹੋਏ ਖ਼ੁਦਾ ਦਾ ਸੇਵਕ ਹਾਂ!

---

ਟਿੱਪਣੀਆਂ

[1]ਜਿਵੇਂ *ਟਰੁੱਥ ਫ਼ਾਰ ਟੁਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 3'' ਵਿਚ 15 ਅਧਿਆਇ ਉੱਤੇ ਚਰਚਾ ਵਿਚ ਅਸੀਂ ਵੇਖਿਆ ਸੀ, ਅਸੀਂ ਪੱਕਾ ਨਹੀਂ ਕਹਿ ਸਕਦੇ ਕਿ ਗਲਾਤੀਆਂ ਦੀ ਪੱਤਰੀ ਕਦੋਂ ਲਿਖੀ ਗਈ ਸੀ, ਪਰ ਇਹ ਪੌਲੁਸ ਦੇ ਤੀਜੇ ਮਿਸ਼ਨਰੀ ਸਫ਼ਰ ਤੋਂ ਕੁਝ ਪਹਿਲਾਂ ਲਿਖੀ ਗਈ ਹੋਵੇਗੀ। [2]ਜਿਵੇਂ *ਟਰੁੱਥ ਫ਼ਾਰ ਟੁਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 4'' ਦੇ ਪਾਠ ''ਗ਼ਰੀਬਾਂ ਨੂੰ ਚੇਤੇ ਰੱਖੋ'' ਵਿਚ ਧਿਆਨ ਦੁਆਇਆ ਗਿਆ ਸੀ, ਰੋਮੀਆਂ ਦੀ ਪੱਤਰੀ ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ ਦੇ ਅਖ਼ੀਰ ਨੇੜੇ ਕੁਰਿੰਥੁਸ ਤੋਂ ਲਿਖੀ ਗਈ ਸੀ। [3]ਗਿਣਤੀ 6:11, 14. ਜਿਵੇਂ ਕਿ ਅਸੀਂ ਵੇਖਾਂਗੇ, ਇਨ੍ਹਾਂ ਚਾਰਾਂ ਨੇ ਨਜ਼ੀਰੀ ਮੰਨਤ ਮੰਨੀ ਹੋਈ ਸੀ। ਸ਼ੁੱਧ ਹੋਣ ਦੇ ਬਾਅਦ ਹਰ ਬੰਦੇ ਲਈ ਪਾਪ ਦੀ ਬਲੀ ਅਤੇ ਮੰਨਤ ਪੂਰਾ ਹੋਣ ਤੇ ਹਰ ਜਣੇ ਲਈ ਇਕ ਹੋਮ ਬਲੀ ਜ਼ਰੂਰੀ ਸੀ। ਚਾਰ ਦਾ ਦੋ ਗੁਣਾ ਅੱਠ ਹੁੰਦਾ ਹੈ। [4]ਐਡਮ ਕਲਾਰਕ, *ਦ ਹੋਲੀ ਬਾਈਬਲ ਵਿਚ ਏ ਕਮੈਂਟਰੀ ਐਂਡ ਕ੍ਰਿਟਿਕਲ ਨੋਟਸ,* ਅੰਕ 5, *ਮੈਥਿਊ-ਐਕਟਸ* (ਨਿਊ ਯਾਰਕ: ਅਬਿੰਗਡਨ ਪ੍ਰੈੱਸ, ਮਿਤੀ ਰਹਿਤ), 860. [5]ਜੌਨ ਕੈਲਵਿਨ ਇਕ ਜੋਸ਼ੀਲਾ ਸੁਧਾਰਕ ਸੀ, ਜਿਸ ਨੇ ਕੈਥੋਲਿਕ ਚਰਚ ਨਾਲ ਝਗੜੇ ਵਿਚ ਜ਼ਿੰਦਗੀ ਗੁਜ਼ਾਰ ਦਿੱਤੀ। [6]ਏ. ਹਾਊਸਰਥ ਦੇ ਨਾਂਅ ਇਹ ਵਾਕ ਰਿਚਰਡ ਲੌਂਗਨੈੱਕਰ, *ਪੌਲ, ਅਪੋਸਟਲ ਆਫ਼ ਲਿਬਰਟੀ* (ਨਿਊ ਯਾਰਕ: ਹਾਰਪਰ ਐਂਡ ਰੋਅ, 1964), 246 ਵਿਚ ਦੁਹਰਾਇਆ ਗਿਆ ਸੀ। [7]ਜੀ. ਕੈਂਪਬੈਲ ਮੋਰਗਨ, *ਦ ਐਕਟਸ ਆਫ਼ ਅਪੋਸਟਲਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਫ਼ਲੇਮਿੰਗ ਐਚ.ਰੇਵਲ, 1988), 372. [8]ਸਾਡੇ ਕੰਮ ਦੀ ਚੁਣੌਤੀ ਨੂੰ ਹਾਰਡਿੰਗ ਯੂਨੀਵਰਸਿਟੀ ਵਿਚ ਰਸੂਲਾਂ ਦੇ ਕੰਮ ਉੱਤੇ 1989 ਦੀ ਲੈਕਚਰਸ਼ਿਪ ਨਾਲ ਵਿਖਾਇਆ ਜਾ ਸਕਦਾ ਹੈ। ਲੈਕਚਰਸ਼ਿਪ ਦੀ ਕਿਤਾਬ 'ਚੋਂ (*ਐਕਟਸ, ਦ ਸਪ੍ਰੈਡਿੰਗ ਫ਼ਲੇਮ* [ਸਰਸੀ, ਆਰਕੈਂਸਾ: ਹਾਰਡਿੰਗ ਯੂਨੀਵਰਸਟੀ, 1989]), ਇਕ ਬੁਲਾਰੇ ਨੇ ਕਿਹਾ ਕਿ ਪੌਲੁਸ ਨੇ ਸਹੀ ਕੀਤਾ, ਜਦ ਕਿ ਦੂਜੇ ਨੇ ਕਿਹਾ ਕਿ ਪੌਲੁਸ ਨੇ ਗ਼ਲਤ ਕੀਤਾ। ਦੋਵੇਂ ਪ੍ਰਚਾਰਕ ਵਿਸ਼ਵਾਸੀ ਲੋਕਾਂ ਵਿਚ ਬੜੇ ਸਨਮਾਨਤ ਹਨ। [9]ਪੈਂਟੀਕਾਸਟ ਦਾ ਦਿਨ ਹਫ਼ਤੇ ਦੇ ਪਹਿਲੇ ਦਿਨ ਆਉਂਦਾ ਸੀ (*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 1'' ਵਿਚ ਰਸੂਲਾਂ ਦੇ ਕੰਮ 2:1 ਤੇ ਨੋਟਸ ਵੇਖੋ), ਇਸ ਲਈ ਉੱਥੋਂ ਦੇ ਮਸੀਹੀ ਰੋਟੀ ਤੋੜਨ ਲਈ ਪਹਿਲੇ ਦਿਨ ਇਕੱਠੇ ਹੋਏ ਹੋਣਗੇ (*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 4'' ਦੇ ਪਾਠ ''ਪਰਿਵਾਰ ਦੀ ਤਸਵੀਰ'' ਵਿਚ ਰਸੂਲਾਂ ਦੇ ਕੰਮ 20:7 ਉੱਤੇ ਨੋਟਸ ਵੇਖੋ)। ਪਰ ਸਾਡੇ ਪਾਠ ਦੀ ਆਇਤ 22 ਦਾ ਅਰਥ ਹੈ ਕਿ ਉੱਥੇ ਅਜੇ ਮਸੀਹੀ ਲੋਕ ਇਕੱਠੇ ਨਹੀਂ ਹੁੰਦੇ ਸਨ (ਬਾਅਦ ਵਿਚ ਇਸ ਪਾਠ ਵਿਚ ਆਇਤ 22 ਉੱਤੇ ਨੋਟਸ ਵੇਖੋ)। ਇਸ ਲਈ ਅਸੀਂ ਨਿਚੋੜ ਕੱਢਦੇ ਹਾਂ ਕਿ ਪੌਲੁਸ ਪੈਂਟੀਕਾਸਟ ਦੇ ਦਿਨ ਤੋਂ ਥੋੜ੍ਹਾ ਪਹਿਲਾਂ ਪਹੁੰਚਿਆ। [10]ਮੈਨੂੰ ਲਗਦਾ ਹੈ ਕਿ ਆਇਤ 17 ਵਿਚ ਕਹੀ ਗੱਲ ਉਵੇਂ ਹੀ ਹੈ, ਪਰ ਇਹ ਵੀ ਹੋ ਸਕਦਾ ਹੈ ਕਿ ਇਸ ਆਇਤ ਵਿਚ ਯਾਕੂਬ ਦੇ ਘਰ ਪਹਿਲਾਂ ਇਕੱਠੇ ਹੋਣ ਦੀ ਗੱਲ ਕੀਤੀ ਗਈ ਹੋਵੇ, ਜਦ ਕਿ ਆਇਤ 18 ਦੂਜੀ ਸਭਾ ਦੀ ਗੱਲ ਕਰਦੀ ਹੋਵੇ ਜਿਸ ਵਿਚ ਸਾਰੇ ਐਲਡਰ ਮੌਜੂਦ ਸਨ।

[11]ਯਰੂਸ਼ਲਮ ਵਿਚ ਰਹਿਣ ਵਾਲਿਆਂ ਵਿਚ ਯਾਕੂਬ ਇਕੱਲ੍ਹਾ ਹੀ ਹੋਵੇਗਾ ਜਿਸ ਨੇ ਕਈ ਸਾਲ ਪਹਿਲਾਂ ਪੌਲੁਸ ਨੂੰ ''ਗਰੀਬਾਂ ਨੂੰ ਯਾਦ ਰੱਖਣ'' ਲਈ ਕਿਹਾ ਸੀ (ਗਲਾਤੀਆਂ 2:9, 10) ਭਾਵ ਉਹਦੀ ਮਿੰਨਤ ਕਰਕੇ ਹੀ ਪੌਲੁਸ ਨੇ ਗ਼ੈਰ ਕੌਮ ਕਲੀਸੀਆਵਾਂ ਤੋਂ ਚੰਦਾ ਲੈਣਾ ਸ਼ੁਰੂ ਕੀਤਾ ਸੀ। ਪੌਲੁਸ ਲਈ ਚੰਦਾ ਯਾਕੂਬ ਕੋਲ ਲਿਜਾਣਾ ਕੁਦਰਤੀ ਹੀ ਹੋਵੇਗਾ। [12]*ਟਰੁੱਥ ਫ਼ਾਰ ਟੁਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 3'' ਵਿਚ ''ਠ੍ਹਾ ਕਰਕੇ ਦਰਵਾਜ਼ਾ ਬੰਦ ਕਰਨ ਵਾਲੇ'' ਪਾਠ ਦੀ ਟਿੱਪਣੀ 29 ਵੇਖੋ। [13]ਲੂਕਾ ਨੇ ਰੋਮ ਵਿਚ ਪੌਲੁਸ ਦੇ ਸਮੁੰਦਰੀ ਸਫ਼ਰ ਤੋਂ ਪਹਿਲਾਂ ਇੱਥੇ ਆਖ਼ਰੀ ਵਾਰ ਉੱਤਮ ਪੁਰਖ ਦੀ ਵਰਤੋਂ ਕੀਤੀ (27:1)। ਅਜਿਹਾ ਸ਼ਾਇਦ ਲੂਕਾ ਨੇ ਇਕੱਲ੍ਹੇ ਪੌਲੁਸ ਉੱਤੇ ਧਿਆਨ ਲਾਉਣ ਲਈ ਕੀਤਾ। ਪਰ ਲੂਕਾ ਪੌਲੁਸ ਨਾਲ ਰੋਮ ਵਿਚ ਗਿਆ ਸੀ, ਇਸ ਕਰਕੇ ਉਹ ਕੈਸਰੀਆ ਵਿਚ ਪੌਲੁਸ ਦੀ ਕੈਦ ਦੇ ਦੋ ਸਾਲਾਂ ਦਰਮਿਆਨ ਬਹੁਤਾ ਜਾਂ ਸਾਰਾ ਸਮਾਂ ਫ਼ਲਸਤੀਨ ਵਿਚ ਹੀ ਰਿਹਾ। ਇਸ ਦੌਰਾਨ ਉਹਨੇ ਯਿਸੂ ਦੇ ਜੀਵਨ ਅਤੇ ਕਲੀਸੀਆ ਦੇ ਸ਼ੁਰੂਆਤੀ ਦਿਨਾਂ ਉੱਤੇ ਦੋਹਰਾ ਖੋਜ ਕਾਰਜ ਕੀਤਾ (ਲੂਕਾ 1:3)। [14]ਰਸੂਲਾਂ ਦੇ ਸਾਰੀ ਦੁਨੀਆਂ ਵਿਚ ਜਾਣ, ਇੰਜੀਲ ਦਾ ਪ੍ਰਚਾਰ ਕਰਨ ਅਤੇ ਕਲੀਸੀਆ ਕਾਇਮ ਕਰਨ ਬਾਰੇ ਕਈ ਮੁਢਲੀਆਂ ਪਰੰਪਰਾਵਾਂ ਹਨ। [15]ਏ.ਸੀ. ਹਾਰਵੇ, *ਦ ਐਕਟਸ ਆਫ਼ ਅਪੋਸਟਲਜ਼ (2)*, ਦ ਪੁਲਪਿਟ ਕਮੈਂਟਰੀ, ਅੰਕ 18 (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1950), 172. ਅਜਿਹੀ ਹੀ ਇਕ ਟਿੱਪਣੀ ਲਈ, ਕਲਾਰਕ, 859 ਵੀ ਵੇਖੋ। [16]ਇਸ ਗੱਲ ਦਾ ਸੰਕੇਤ ਅੰਗ੍ਰੇਜ਼ੀ ਦੇ ਅਨੁਵਾਦ NASB ਵਿਚ ''ਯਾਕੂਬ'' ਅਤੇ ''ਅਤੇ ਸਾਰੇ ਐਲਡਰ'' ਵਿਚ ਅੰਤਰਾਲ ਦੇ ਕੇ ਵੇਖਿਆ ਜਾ ਸਕਦਾ ਹੈ। ਇਹ ਅੰਤਰਾਲ ਮੂਲ ਲਿਖਤ ਅਤੇ ਅੰਗ੍ਰੇਜ਼ੀ ਅਨੁਵਾਦ ਵਿਚ ਵੇਖਿਆ ਜਾ ਸਕਦਾ ਹੈ। [17]ਮਾਰਕ ਬਲੈਕ, ''ਦ ਵੇਅ ਐਂਡ ਦ ਸੈਕਰੀਫ਼ਾਈਸਜ਼,'' *ਐਕਟਸ, ਦ ਸਪ੍ਰੈਡਿੰਗ ਫ਼ਲੇਮ,* 221. [18]ਸਾਰੇ ਐਲਡਰਾਂ ਦੇ ਮੌਜੂਦ ਹੋਣ ਦੀ ਗੱਲ ਦਾ ਵਿਚਾਰ ਯਾਕੂਬ ਦਾ ਸੀ ਜਾਂ ਪੌਲੁਸ ਦਾ? ਮੈਂ ਮੰਨ ਲੈਂਦਾ ਹਾਂ ਕਿ ਦੋਵੇਂ ਇਹੀ ਚਾਹੁੰਦੇ ਸਨ ਕਿ ਐਲਡਰ ਉੱਥੇ ਹੋਣ; ਪੌਲੁਸ ਚਾਹੁੰਦਾ ਹੋਵੇਗਾ ਕਿ ਚੰਦਾ ਪੇਸ਼ ਕੀਤੇ ਜਾਣ ਸਮੇਂ ਸਾਰੇ ਐਲਡਰ ਉੱਥੇ ਮੌਜੂਦ ਹੋਣ। ਯਾਕੂਬ ਚਾਹੁੰਦਾ ਹੋਵੇਗਾ ਕਿ ਇਸ ''ਸੁਝਾਅ'' ਨੂੰ ਮੰਨਤ ਮੰਨਣ ਵਾਲੇ ਚਾਰ ਬੰਦਿਆਂ ਦਾ ਖਰਚ ਪੌਲੁਸ ਵੱਲੋਂ ਚੁੱਕਣ ਦੀ ਹਮਾਇਤ ਕਰਨ ਲਈ ਐਲਡਰ ਉੱਥੇ ਹੋਣ। [19]ਉਹਦੇ ਦਿਮਾਗ਼ ਵਿਚ ਹੋਰ ਕਈ ਮਕਸਦ ਸਨ; ਉਹ ਚਾਹੁੰਦਾ ਸੀ ਕਿ ਉਹਦੇ ਪਾਠਕ ਪੌਲੁਸ ਦੀ ਗ੍ਰਿਫ਼ਤਾਰੀ ਦੇ ਪਿਛੋਕੜ ਨੂੰ ਸਮਝ ਲੈਣ। [20]ਪੌਲੁਸ ਦੀ ਉਮੀਦ ਮੁਤਾਬਕ ਯਹੂਦੀ- ਗੈਰਕੌਮ ਸਬੰਧ ਸੁਧਰੇ ਜਾਂ ਨਹੀਂ, ਸਾਨੂੰ ਨਹੀਂ ਪਤਾ। ਸੁਝਾਅ ਦਿੱਤਾ ਗਿਆ ਹੈ ਕਿ ਲੂਕਾ ਨੇ ਚੰਦੇ ਬਾਰੇ ਇਸ ਲਈ ਨਹੀਂ ਦੱਸਿਆ ਕਿਉਂਕਿ ਇਸ ਨਾਲ ਪੌਲੁਸ ਦਾ ਮਕਸਦ ਪੂਰਾ ਨਹੀਂ ਹੋਇਆ; ਭਾਵ ਚੰਦੇ ਦੀ ਗੱਲ ਕਾਮਯਾਬ ਨਹੀਂ ਹੋ ਸਕੀ ਸੀ। ਪਰ ਉਸੇ ਤਰਕ ਦੀ ਵਰਤੋਂ ਕਰਦੇ ਹੋਏ ਅਸੀਂ ਨਿਚੋੜ ਕੱਢ ਸਕਦੇ ਹਾਂ ਕਿ ਲੂਕਾ ਨੇ ਪੌਲੁਸ ਦੀਆਂ ਪੱਤਰੀਆਂ ਦਾ ਜ਼ਿਕਰ ਨਹੀਂ ਕੀਤਾ, ਇਸ ਲਈ ਉਹ ਸਭ ਇਕ ਨਾਕਾਮੀ ਹਨ। ਅਸੀਂ ਇਹ ਟਿੱਪਣੀ ਕਰ ਸਕਦੇ ਹਾਂ ਕਿ ਲੂਕਾ ਨੇ ਇਸ ਗੱਲ ਦਾ ਜ਼ਿਕਰ ਕੀਤਾ ਜਿਸ ਨਾਲ ਉਹਦਾ ਮਕਸਦ ਹੱਲ ਹੋਣਾ ਸੀ ਅਤੇ ਜਿਨ੍ਹਾਂ ਗੱਲਾਂ ਨਾਲ ਉਹਦਾ ਮਕਸਦ ਪੂਰਾ ਨਹੀਂ ਹੁੰਦਾ ਸੀ, ਉਹਨੇ ਉਨ੍ਹਾਂ ਦਾ ਜ਼ਿਕਰ ਨਹੀਂ ਕੀਤਾ।

[21]ਪੌਲੁਸ ਨੇ ਪਹਿਲੀ ਯਾਤਰਾ ਦੇ ਬਾਅਦ ਯਰੂਸ਼ਲਮ ਦੇ ਐਲਡਰਾਂ ਨੂੰ ਆਪਣੀ ਰਿਪੋਰਟ ਦੇ ਦਿੱਤੀ ਸੀ (15:4), ਇਸ ਲਈ ਇਸ ਰਿਪੋਰਟ ਵਿਚ ਸਿਰਫ਼ ਦੂਜੀ ਅਤੇ ਤੀਜੀ ਯਾਤਰਾ ਦੀ ਗੱਲ ਹੀ ਕਹੀ ਗਈ ਹੋਵੇਗੀ। ਜੇ 18:22 ਵਿਚ ''ਕਲੀਸੀਆ''ਯਰੂਸ਼ਲਮ ਦੀ ਕਲੀਸੀਆ ਲਈ ਹੈ, ਤਾਂ ਰਿਪੋਰਟ ਵਿਚ ਸਿਰਫ਼ ਤੀਜਾ ਮਿਸ਼ਨਰੀ ਸਫ਼ਰ ਹੀ ਹੋ ਸਕਦਾ ਹੈ। [22]ਯੂਨਾਨੀ ਵਿਚ ਮੂਲ ਵਿਚ ''ਲੱਖਾਂ'' ਹੈ। [23]ਸਾਨੂੰ ਨਹੀਂ ਪਤਾ ਕਿ ਐਲਡਰ ਯਰੂਸ਼ਲਮ ਵਿਚ ਰਹਿਣ ਵਾਲੇ ਮਸੀਹੀ ਯਹੂਦੀਆਂ, ਫ਼ਲਸਤੀਨ ਵਿਚ ਰਹਿਣ ਵਾਲੇ ਜਾਂ ਪਰਬ ਦੇ ਦਿਨ ਯਰੂਸ਼ਲਮ ਵਿਚ ਆਉਣ ਵਾਲੇ ਸਾਰੇ ਮਸੀਹੀ ਯਹੂਦੀਆਂ ਦੀ ਗਿਣਤੀ ਜੋੜ ਰਹੇ ਸਨ ਜਾਂ ਨਹੀਂ। [24]ਕਈ ਅਨੁਵਾਦਕ ਐਲਡਰਾਂ ਦੇ ਖ਼ੁਦਾ ਦੀ ਵਡਿਆਈ ਕਰਨ ਅਤੇ ''ਫਿਰ'' ਸ਼ਬਦ ਦੇ ਨਾਲ ਪੌਲੁਸ ਨੂੰ ਉਹਦੇ ਜਵਾਬ ਵਿਚ ਭਾਰੀ ਤਬਦੀਲੀ ਦਾ ਸੰਕੇਤ ਦਿੰਦੇ ਹਨ: ''ਫਿਰ ਉਨ੍ਹਾਂ ਨੇ ਉਸ ਨੂੰ ਕਿਹਾ। ...'' ਜ਼ਾਹਿਰ ਹੈ ਕਿ ਐਲਡਰਾਂ ਨੇ ਪੌਲੁਸ ਦੀ ਗੱਲ ਅੱਧੀ ਹੀ ਸੁਣੀ ਸੀ; ਬਾਅਦ ਦੀਆਂ ਘਟਨਾਵਾਂ ਤੋਂ ਪਤਾ ਲਗਦਾ ਹੈ ਕਿ ਸਭਾ ਤੋਂ ਪਹਿਲਾਂ ਉਨ੍ਹਾਂ ਨੇ ਧਾਰ ਲਿਆ ਸੀ ਕਿ ਕੀ ਕਰਨਾ ਹੈ। [25]ਹਰਬਰਟ ਵੀ. ਪ੍ਰੋਚਨੋ ਐਂਡ ਹਰਬਰਟ ਵੀ. ਪ੍ਰੋਚਨੋ, ਜੂਨੀ, *ਏ. ਡਿਕਸ਼ਨਰੀ ਆਫ਼ ਵਿਟ, ਵਿਜ਼ਡਮ ਐਂਡ ਸੈਟਾਈਰ* (ਨਿਊ ਯਾਰਕ: ਪਾਪੁਲਰ ਲਾਇਬ੍ਰੇਰੀ, 1964), 116 ਵਿਚ ਦੁਹਰਾਇਆ ਗਿਆ। [26]''ਉਨ੍ਹਾਂ ਤੇਰੀ ਖ਼ਬਰ ਸੁਣੀ ਹੈ'' ਵਾਕਾਂਸ਼ ਉਸ ਯੂਨਾਨੀ ਸ਼ਬਦ ਦਾ ਅਨੁਵਾਦ ਹੈ ਜਿਸ ਤੋਂ ਸਾਨੂੰ ਅੰਗ੍ਰੇਜ਼ੀ ਸ਼ਬਦ ''catechize'' ਮਿਲਿਆ ਹੈ। ਅਫ਼ਵਾਹ ਐਨੀ ਵਾਰ ਦੁਹਰਾਈ ਗਈ ਸੀ ਕਿ ਉਨ੍ਹਾਂ ਦੇ ਮਨ 'ਚ ਬੈਠ ਗਈ ਸੀ। ਇੰਜੀਲ ਦੇ ਪ੍ਰਚਾਰਕਾਂ ਬਾਰੇ ਬਹੁਤ ਸਾਰੀਆਂ ਘਿਣਾਉਣੀਆਂ ਅਫ਼ਵਾਹਾਂ ਦੂਜੇ ਲੋਕਾਂ ਦੇ ਨਿਚੋੜ ਦੇ ਅਧਾਰ ਤੇ ਫੈਲਾਈਆਂ ਜਾਦੀਆਂ ਸਨ ਜਿਨ੍ਹਾਂ ਦੀ ਅਸਲ ਵਿਚ ਉਨ੍ਹਾਂ ਪ੍ਰਚਾਰਕਾਂ ਨੇ ਗੱਲ ਨਹੀਂ ਕੀਤੀ ਹੁੰਦੀ। [27]ਅਫ਼ਵਾਹ ਦਾ ਅਧਾਰ ਇਹ ਸੀ ਕਿ ਪੌਲੁਸ ਦੀ ਗੱਲ ਉੱਤੇ ਲੋਕਾਂ ਦਾ ਕੀ ਕਹਿਣਾ ਸੀ, ਨਾ ਕਿ ਇਹ ਕਿ ਪੌਲੁਸ ਨੇ ਕੀ ਕਿਹਾ ਸੀ।

[28]*ਟਰੁੱਥ ਫ਼ਾਰ ਟੁਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 3'' ਵਿਚ 16:1-5 'ਤੇ ਨੋਟਸ ਵੇਖੋ। [29]*ਟਰੁੱਥ ਫ਼ਾਰ ਟੁਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 3'' ਦੇ ਪਾਠ ''ਨਵੀਂ ਟੀਮ ਅਤੇ ਹੋਰ'' ਵਿਚ 16:3 'ਤੇ ਨੋਟਸ ਵੇਖੋ। [30]ਇਸ ਤੱਥ ਦਾ ਕਿ ਅਫ਼ਵਾਹ ਝੂਠੀ ਸੀ ਇਹ ਮਤਲਬ ਨਹੀਂ ਹੈ ਕਿ ਅਫ਼ਵਾਹ ਖ਼ਤਰਨਾਕ ਸੀ, ਜਿਵੇਂ ਕਿ ਪੌਲੁਸ ਨੂੰ ਚੰਗੀ ਤਰ੍ਹਾਂ ਪਤਾ ਸੀ। ਯਰੂਸ਼ਲਮ ਵਿਚ ਇਹ ਗੱਲ ਫੈਲਣ ਤੇ ਕਿ ਯਿਸੂ ਦੀ ਸਿੱਖਿਆ ਦੇ ਕੇ ਇਸਤੀਫ਼ਾਨ ਉੱਥੋਂ ਦੀਆਂ ਰਵਾਇਤਾਂ ਨੂੰ ਬਦਲ ਦੇਵੇਗਾ (ਰਸੂਲਾਂ ਦੇ ਕੰਮ 6:14) ਇਸਤੀਫ਼ਾਨ ਨੂੰ ਮਰਨਾ ਪਿਆ ਸੀ ਅਤੇ ਉਹਦਾ ਕਤਲ ਕਰਨ ਵਿਚ ਪੌਲੁਸ ਨੇ ਕਾਤਲਾਂ ਦੀ ਮਦਦ ਕੀਤੀ ਸੀ।

[31]ਵੈਸਟਰਨ ਟੈਕਸਟ ਵਿਚ ਹੈ, ''ਫਿਰ ਕੀ ਕਰੀਏ? *ਸਭਾ ਇਕੱਠੀ ਤਾਂ ਹੋਵੇਗੀ ਹੀ,* ਕਿਉਂਕਿ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਤੂੰ ਆਇਆ ਹੈਂ।'' ਪੰਜਾਬੀ ਅਨੁਵਾਦ ਵਿਚ (ਅਨੁਵਾਦਕ) ਜੋੜਿਆ ਗਿਆ KJV ਅਤੇ ਵੈਸਟਰਨ ਟੈਕਸਟ ਦੀ ਝਲਕ ਮਿਲਦੀ ਹੈ, ਅਤੇ ਇਸ ਵਿਚ ਲਿਖਿਆ ਹੈ, ''ਉਹ ਜ਼ਰੂਰ ਸੁਣ ਲੈਣਗੇ ...'' ਕਈ ਲੋਕ ਇੱਥੇ ''ਉਹ'' ਦਾ ਮਤਲਬ ਭੀੜ ਕੱਢਦੇ ਹਨ, ਪਰ ਸੰਦਰਭ ਤੋਂ ਸੰਕੇਤ ਮਿਲਦਾ ਹੈ ਕਿ ਐਲਡਰਾਂ ਨੂੰ ਮਸੀਹੀ ਯਹੂਦੀਆਂ ਦਾ ਡਰ ਸੀ। [32]*ਟਰੁਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 4'' ਦੇ ਪਾਠ ''ਪਰਿਵਾਰ ਦੀ ਤਸਵੀਰ'' ਵਿਚ ਰਸੂਲਾਂ ਦੇ ਕੰਮ 20:7 'ਤੇ ਨੋਟਸ ਵੇਖੋ। [33]ਉਨ੍ਹਾਂ ਨੇ ਨਿਚੋੜ ਕੱਢਣ ਤੋਂ ਪਹਿਲਾਂ ਮਾਮਲੇ ਉੱਤੇ ਪੌਲੁਸ ਅਤੇ ਉੱਥੇ ਮੌਜੂਦ ਹੋਰ ਲੋਕਾਂ ਨਾਲ ਵਿਚਾਰ ਵਟਾਂਦਰਾ ਤਾਂ ਕੀਤਾ ਹੋਵੇਗਾ। [34]ਜੇਮਸ ਬਰਟਨ ਕਾਫ਼ਮੈਨ, *ਕਮੈਂਟਰੀ ਆਨ ਐਕਟਸ* (ਆਸਟਿਨ, ਟੈਕਸਸ: ਵਰਡ ਪਬਲਿਸ਼ਿੰਗ, 1976), 408 ਵਿਚ ਦੁਹਰਾਇਆ ਗਿਆ। [35]ਲਾਇਡ ਜੇ. ਓਗਿਲਵੀ, *ਦ ਕਮਿਊਨਿਕੇਟਰ'ਜ਼ ਕਮੈਂਟਰੀ,* ਅੰਕ 5, *ਐਕਟਸ* (ਡੈਲਸ: ਵਰਡ ਪਬਲਿਸ਼ਿੰਗ, 1983), 304. [36]ਯੂਨਾਨੀ ਵਿਚ ਕ੍ਰਿਆ ਹੁਕਮ ਦੇ ਲਹਿਜ਼ੇ ਵਿਚ ਹੈ। [37]ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਚਾਰ ਬੰਦਿਆਂ ਨੂੰ ਸਭਾ ਵਿਚ ਐਲਡਰ ਹੀ ਲਿਆਏ ਹੋਣ (ਆਇਤ 26)। [38]ਇਸ ਮੌਕੇ ਦੀ ਤੁਲਨਾ 18:18 ਵਿਚ ਦਰਜ ਪੌਲੁਸ ਦੀ ਮੰਨਤ ਨਾਲ ਕਰੋ। ਗਿਣਤੀ 6:18 ਮੁਤਾਬਕ ਸਿਰ ਮੰਨਤ ਦੇ ਸ਼ੁਰੂ ਵਿਚ ਨਹੀਂ ਸਗੋਂ ਅਖ਼ੀਰ ਵਿਚ ਮੁਨਾਇਆ ਜਾਂਦਾ ਸੀ; ਸਿਰ ਮੁਨਾਉਣਾ ਸਿਰਫ਼ ਕੁਰਬਾਨੀ ਦੇਣ ਵਾਲੀ ਜਗ੍ਹਾ ਤੇ ਹੀ ਹੁੰਦਾ ਸੀ, ਕਿਸੇ ਹੋਰ ਥਾਂ ਨਹੀਂ। ਉਨ੍ਹਾਂ ਚਾਰਾਂ ਦੀ ਮੰਨਤ ਯਕੀਨਨ ਹੀ ਨਜ਼ੀਰੀ ਮੰਨਤ ਲਗਦੀ ਹੈ, ਜਦ ਕਿ ਪੌਲੁਸ ਦੀ ਮੰਨਤ ਅਜੇ ਵੀ ਉਲਝਾਉਣ ਵਾਲੀ ਹੈ। [39]ਦੋ ਜਣੇ ਜੋ ਜ਼ਿੰਦਗੀ ਭਰ ਨਜ਼ੀਰੀ ਮੰਨਤ ਦੇ ਅਧੀਨ ਰਹੇ, ਉਹ ਸਮਸੂਨ ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਸਨ। [40]ਪੌਲੁਸ ਕਰੀਬ-ਕਰੀਬ ਟੁੱਟ ਚੁੱਕਾ ਸੀ, ਜਿਸ ਕਰਕੇ ਲੇਖਕ ਆਪਣੇ ਆਪ ਨੂੰ ਬੇਵਜ੍ਹਾ ਪਰੇਸ਼ਾਨ ਕਰਦੇ ਹਨ ਕਿ ਪੌਲੁਸ ਨੇ ਉਨ੍ਹਾਂ ਦਾ ''ਖਰਚਾ ਦੇਣ ਲਈ'' ਧਨ ਕਿੱਥੋਂ ਲਿਆ। ਕਈ ਲੋਕਾਂ ਨੇ ਸੁਝਾਅ ਦਿੱਤਾ ਹੈ ਕਿ ਐਲਡਰਾਂ ਨੇ ਪੌਲੁਸ ਨਾਲ ਸੰਤਾਂ (ਮਸੀਹੀ ਲੋਕਾਂ) ਲਈ ਇਕੱਠੇ ਹੋਏ ਚੰਦੇ ਵਿੱਚੋਂ ਕੁਝ ਖਰਚ ਦੇਣ ਲਈ ਕਿਹਾ, ਪਰ ਇਹ ਤਾਂ ਚੰਦੇ ਦੀ ਦੁਰਵਰਤੋਂ ਹੋਵੇਗੀ, ਅਤੇ ਮੈਂ ਨਹੀਂ ਮੰਨਦਾ ਕਿ ਪੌਲੁਸ ਮੰਨ ਗਿਆ ਹੋਵੇਗਾ (2 ਕੁਰਿੰਥੀਆਂ 8:20, 21)। ਬਾਅਦ ਵਿਚ ਰੋਮ ਵਿਚ ਦੋ ਸਾਲ ਤਕ ਕਿਰਾਏ ਦੇ ਮਕਾਨ ਵਿਚ ਰਹਿਣ ਲਈ ਪੌਲੁਸ ਕੋਲ ਪੈਸੇ ਸਨ (ਰਸੂਲਾਂ ਦੇ ਕੰਮ 28:30), ਇਸ ਲਈ ਕਈ ਇਹ ਅੰਦਾਜ਼ਾ ਲਾਉਂਦੇ ਹਨ ਕਿ ਪੌਲੁਸ ਨੇ ਇਸੇ ਦੌਰਾਨ ਇਹ ਧਨ ਹਾਸਲ ਕੀਤਾ ਹੋਵੇਗਾ। ਇਸ ਗੱਲ ਦੀ ਬਹੁਤੀ ਅਹਿਮੀਅਤ ਨਹੀਂ ਹੈ। ਹੋ ਸਕਦਾ ਹੈ ਕਿ ਪੌਲੁਸ ਨੂੰ ਧਨ ਉੱਥੋਂ ਹੀ ਮਿਲਿਆ ਹੋਵੇ ਜਿੱਥੇ ਆਮ ਤੌਰ ਤੇ ਮਿਲਦਾ ਸੀ, ਯਾਨੀ ਹੱਥੀਂ ਕੰਮ ਕਰਕੇ ਜਾਂ ਦਿਆਲੂ ਭਾਈਆਂ ਕੋਲੋਂ।

[41]ਵਿਧੀ ਪੂਰਵਕ ਧੋਣ ਲਈ, ਵੇਖੋ ਲੇਵੀਆਂ ਦੀ ਪੋਥੀ 15:1-30. ਇਹਦਾ ਕੋਈ ਸੰਕੇਤ ਨਹੀਂ ਹੈ ਕਿ ਪੌਲੁਸ ਨੇ ਉਨ੍ਹਾਂ ਬੰਦਿਆਂ ਨਾਲ ਨਜ਼ੀਰੀ ਮੰਨਤ ਪੂਰੀ ਕੀਤੀ, ਅਤੇ ਨਾ ਹੀ ਇਹ ਸੰਕੇਤ ਹੈ ਕਿ ਉਹ ਕਈ ਸਾਲ ਪਹਿਲਾਂ ਮੰਨੀ ਗਈ ਕਿਸੇ ਹੋਰ ਮੰਨਤ ਨੂੰ ਪੂਰਾ ਕਰ ਰਿਹਾ ਸੀ (18:18)। ਆਮ ਤੌਰ ਤੇ ਯਹੂਦੀ ਲੋਕ ਪਰਾਈਆਂ ਕੌਮਾਂ ਦੇ ਦੇਸ਼ਾਂ ਵਿੱਚੋਂ ਪਰਤਣ ਤੇ, ਰਵਾਇਤੀ ਤੌਰ ਤੇ ਧੋਣ ਦੀ ਪ੍ਰਕ੍ਰਿਆ ਵਿੱਚੋਂ ਲੰਘਦੇ ਸਨ। ਸ਼ਾਇਦ ਪੌਲੁਸ ਦੇ ਸ਼ੁੱਧੀਕਰਣ ਵਿਚ ਵੀ ਅਜਿਹਾ ਹੀ ਕੁਝ ਸੀ। ਸ਼ਾਇਦ ਹੈਕਲ ਵਿਚ ਜਾਣ ਅਤੇ ਯਾਜਕਾਂ ਨਾਲ ਪ੍ਰਬੰਧ ਕਰਨ ਲਈ ਅਜਿਹੀ ਪ੍ਰਕ੍ਰਿਆ ਜ਼ਰੂਰੀ ਸੀ। [42]ਜਿਵੇਂ ਕਿ ਆਮ ਤੌਰ ਤੇ ਹੁੰਦਾ ਹੈ, ਲੂਕਾ ਨੇ ਘਟਨਾਵਾਂ ਨੂੰ ਸੰਖੇਪ ਕਰ ਦਿੱਤਾ ਜਿਸ ਕਰਕੇ ਅਸੀਂ ਸਹੀ-ਸਹੀ ਨਹੀਂ ਦੱਸ ਸਕਦੇ ਕਿ ਉੱਥੇ ਕੀ ਹੋਇਆ। ਲੂਕਾ ਦਾ ਮਕਸਦ ਉਨ੍ਹਾਂ ਚਾਰਾਂ ਦੀ ਮੰਨਤ ਦਾ ਵੇਰਵਾ ਦੇਣਾ ਨਹੀਂ ਸਗੋਂ ਇਹ ਦੱਸਣਾ ਸੀ ਕਿ ਪੌਲੁਸ ਜੇਲ੍ਹ ਵਿਚ ਕਿਵੇਂ ਗਿਆ। [43]ਪਤਰਸ ਦੀ ਇਸ ਗੱਲ ਸਮੇਂ ਯਾਕੂਬ ਉੱਥੇ ਮੌਜੂਦ ਸੀ (15:13); ਅਤੇ ਸਾਡੇ ਇਸ ਪਾਠ ਦੀ ਆਇਤ 25 ਵਿਚ ਐਲਡਰਾਂ ਨੇ ਆਪਣੀ ਪਛਾਣ ਉਨ੍ਹਾਂ ਲੋਕਾਂ ਨਾਲ ਕਰਵਾਈ ਜਿਨ੍ਹਾਂ ਨੇ ਰਸੂਲਾਂ ਦੇ ਕੰਮ 15 ਅਧਿਆਇ ਵਾਲੀ ਸਭਾ ਵੱਲੋਂ ਚਿੱਠੀ ਲਿਖਵਾਈ ਸੀ। [44]*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 3'' ਦੇ ਪਾਠ ''ਝਗੜਾ ਨਬੇੜਨ ਦੇ ਹੋਰ ਨੁਸਖੇ'' ਵਿਚ ਰਸੂਲਾਂ ਦੇ ਕੰਮ 15:20 ਤੇ ਨੋਟਸ ਵੇਖੋ। [45]ਅਗਲੇ ਪਾਠ ਵਿਚ ''ਯਹੂਦੀ ਧਰਮ ਦਾ ਨਿਰਾਲਾਪਣ'' ਉੱਤੇ ਨੋਟਸ

ਵੇਖੋ। [46]ਅਗਲੇ ਕੁਝ ਪਾਠਾਂ ਵਿਚ ਅਸੀਂ ਯਹੂਦੀਆਂ ਅਤੇ ਉਨ੍ਹਾਂ ਦੇ ਆਗੂਆਂ ਲਈ ਪੌਲੁਸ ਦੇ ਉਪਦੇਸ਼ਾਂ ਨੂੰ ਵੇਖਾਂਗੇ ਜਿਨ੍ਹਾਂ ਨਾਲ ਉਨ੍ਹਾਂ ਦਾ ਕ੍ਰੋਧ ਭੜਕ ਉੱਠਿਆ। ਜ਼ਾਹਿਰ ਹੈ ਕਿ ਉਨ੍ਹਾਂ ਨੇ ਇਸ ਤਰ੍ਹਾਂ ਦਾ ਪ੍ਰਚਾਰ ਯਰੂਸ਼ਲਮ ਵਿਚ ਰਹਿਣ ਵਾਲੇ ਯਹੂਦੀ ਮਸੀਹੀਆਂ ਤੋਂ ਕਦੇ ਨਹੀਂ ਸੁਣਿਆ ਸੀ। [47]1 ਕੁਰਿੰਥੀਆਂ 9:20. [48]ਅਜਿਹਾ ਲਗਦਾ ਹੈ ਕਿ ਉਹ ਲੋਕ ਸਭਾ ਵਿਚ ਮੌਜੂਦ ਸਨ, ਜਾਂ ਘੱਟੋ-ਘੱਟ ਆਪਣਾ ''ਸੁਝਾਅ'' ਦੇਣ ਵੇਲੇ ਐਲਡਰ ਉਨ੍ਹਾਂ ਨੂੰ ਲੈ ਕੇ ਆਏ ਸਨ। [49]''ਹੈਕਲ'' ਸ਼ਬਦ ਇੱਥੇ ਯਰੂਸ਼ਲਮ ਦੀ ਹੈਕਲ ਦੇ ਪਵਿੱਤਰ ਭਾਗ ਲਈ ਵਰਤਿਆ ਗਿਆ ਹੈ, ਸਿਰਫ਼ ਹੈਕਲ ਦੇ ਅਹਾਤੇ ਲਈ ਨਹੀਂ ਜਿਸ ਵਿਚ ਗੈਰ ਕੌਮਾਂ ਦਾ ਅਹਾਤਾ ਵੀ ਸ਼ਾਮਿਲ ਸੀ। ਕਿਤਾਬ ਵਿਚ ਅੱਗੇ ਹੈਕਲ ਦਾ ਰੇਖਾਚਿੱਤਰ ਵੇਖੋ। [50]ਰਵਾਇਤੀ ਤੌਰ ਤੇ ਧੋਣ ਵਿਚ ਦੋ ਗੱਲਾਂ ਸ਼ਾਮਿਲ ਸਨ। ਉਨ੍ਹਾਂ ਨੂੰ ਦੁਬਾਰਾ ਵੇਖਣ ਲਈ, ਵੇਖੋ ਲੇਵੀਆਂ ਦੀ ਪੋਥੀ 15:1-30.

[51]ਅਸੀਆ ਦੇ ਯਹੂਦੀ ਪੌਲੁਸ ਨੂੰ ਸੱਤ ਦਿਨ ਤਕ ਲੈ ਆਏ ਸਨ, ਇਸ ਲਈ ਯਰੂਸ਼ਲਮ ਵਿਚ ਮਸੀਹੀ ਲੋਕਾਂ ਦਾ ਹਫ਼ਤੇ ਦੇ ਪਹਿਲੇ ਦਿਨ ਐਲਡਰਾਂ ਨਾਲ ਮਿਲਣ ਅਤੇ ਉਹਨੂੰ ਕੈਦੀ ਬਣਾ ਕੇ ਲਿਜਾਣ ਦੌਰਾਨ ਹੀ ਹੋਇਆ ਹੋਵੇਗਾ। ਉਸ ਸਭਾ ਵਿਚ ਕੀ ਹੋਇਆ? ਕੀ ਇਹ ਰੌਲਾ ਰੱਪਾ ਹੀ ਸੀ ਜਾਂ ਉਸ ਵਿਚ ਕੋਈ ਤਰਕ ਵੀ ਸੀ? ਅਸੀਂ ਜਾਣਨਾ ਚਾਹਾਂਗੇ, ਪਰ ਫੇਰ ਆਖਦਾ ਹਾਂ, ਲੂਕਾ ਦਾ ਮਕਸਦ ਸਾਡੀ ਜਿਗਿਆਸਾ ਸ਼ਾਂਤ ਕਰਨਾ ਨਹੀਂ ਸੀ।

© 2009 Truth for Today